# ਗਵਾਹ
# ਬਣਨਾ

ਅਪਰਾਧਕ ਮੁਕੱਦਮਿਆਂ ਦੀ ਕਾਰਵਾਈ ਬਾਰੇ
ਨੌਜਵਾਨਾਂ ਲਈ ਇਕ ਪੁਸਤਿਕਾ

# ਗਵਾਹ ਬਣਨਾ

ਅਪਰਾਧਕ ਮੁਕੱਦਮਿਆਂ ਦੀ ਕਾਰਵਾਈ ਬਾਰੇ
ਨੌਜਵਾਨਾਂ ਲਈ ਇਕ ਪੁਸਤਿਕਾ

ਸਪ੍ਰਿੰਗਬਰਨ ਦੇ ਐਲਬਰਟ ਪ੍ਰਾਇਮਰੀ ਸਕੂਲ ਅਤੇ ਪੋਲਕਸ਼ੀਲਡਜ਼ ਦੇ ਗਲੈਂਡੇਲ ਪ੍ਰਾਇਮਰੀ ਸਕੂਲ ਦੇ ਬੱਚਿਆਂ ਦਾ ਵਿਸ਼ੇਸ਼ ਧੰਨਵਾਦ

ਚਿਤਰਕਾਰ ਐਲੀਨਰ ਮੈਰਿਡਿਥ,
ਡੰਕਨ ਆਫ਼ ਜਾਰਡਨਸਟੋਨ ਕਾਲਜ ਆਫ਼ ਆਰਟ ਐਂਡ ਡਿਜ਼ਾਈਨ, ਯੂਨੀਵਰਸਿਟੀ ਆਫ਼ ਡੰਡੀ

ਐਸਟਰਾਨ ਵਲੋਂ ਸਕਾਟਿਸ਼ ਐਗਜ਼ੈਕਟਿਵ ਲਈ ਤਿਆਰ ਕੀਤੀ ਗਈ B41391 06/05
ਸਕਾਟਿਸ਼ ਐਗਜ਼ੈਕਟਿਵ ਵਲੋਂ ਪ੍ਰਕਾਸ਼ਤ ਕੀਤੀ ਗਈ, ਜੂਨ 2005
ਇਹ ਪੂਰੀ ਦੀ ਪੂਰੀ ਦਸਤਾਵੇਜ਼ ਰੀਸਾਈਕਲ ਕੀਤੇ ਕਾਗਜ਼ 'ਤੇ ਛਾਪੀ ਗਈ ਹੈ ਅਤੇ ਇਹ 100% ਰੀਸਾਈਕਲਯੋਗ ਹੈ

# ਤਤਕਰਾ


01 ਭੂਮਿਕਾ

02 ਗਵਾਹ ਕੀ ਹੁੰਦਾ ਹੈ?

04 ਗਵਾਹ ਬਣਨ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?

06 ਕੌਣ ਤੁਹਾਡੀ ਮਦਦ ਕਰ ਸਕਦਾ ਹੈ?

08 ਕੋਰਟ ਵਿੱਚ ਤੁਹਾਡੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

09 ਕੋਰਟ

10 ਕੋਰਟ ਰੂਮ ਵਿੱਚ ਕੌਣ ਕੌਣ ਹੁੰਦਾ ਹੈ ਅਤੇ ਉਨ੍ਹਾਂ ਦੇ ਕੀ ਕੰਮ ਹਨ?

12 ਮੁਕੱਦਮਾ – ਤੁਹਾਨੂੰ ਕੀ ਕਰਨਾ ਚਾਹੀਦਾ ਹੈ

14 ਕੋਰਟ ਨੂੰ ਉਹ ਕੁਝ ਦਸਣਾ ਜੋ ਤੁਸੀਂ ਜਾਣਦੇ ਹੋ

16 ਕੋਰਟ ਰੂਮ ਵਿੱਚ ਕਿਸੇ ਦੀ ਸ਼ਨਾਖ਼ਤ ਕਰਨਾ

17 ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਿਸ਼ੇਸ਼ ਢੰਗ

18 ਟੈਲੀਵਿਯਨ ਲਿੰਕ ਦੀ ਵਰਤੋਂ

20 ਸਕ੍ਰੀਨ ਦੀ ਵਰਤੋਂ

22 ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

23 ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਿਸ਼ੇਸ਼ ਢੰਗ

24 ਵਿਸ਼ੇਸ਼ ਢੰਗ ਦੀ ਚੋਣ

25 ਕੋਰਟ ਦੀ ਫੇਰੀ

26 ਗਵਾਹ ਬਣਨ ਦੀ ਉਡੀਕ ਵਿੱਚ

27 ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਤੋਂ ਬਾਅਦ ਕੀ ਹੁੰਦਾ ਹੈ?

28 ਸਹਾਇਤਾ ਦੀ ਮੰਗ ਕਰਨਾ ਯਾਦ ਰਖੋ

30 ਸਵਾਲ?

31 ਕੀ ਤੁਹਾਡੇ ਕੋਈ ਹੋਰ ਸਵਾਲ ਹਨ?

32 ਗਲਾਸਰੀ – ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹਨ?

# ਭੂਮਿਕਾ

ਤੁਹਾਨੂੰ ਇਹ ਪੁਸਤਿਕਾ ਇਸਲਈ ਦਿਤੀ ਗਈ ਹੈ ਕਿ ਤੁਸੀਂ ਇਕ ਕੋਰਟ ਕੇਸ ਵਿੱਚ ਗਵਾਹ ਬਣਨ ਵਾਲੇ ਹੋ।

ਤੁਹਾਨੂੰ ਸੰਭਵ ਤੌਰ 'ਤੇ ਇਸ ਸੰਬੰਧ ਵਿੱਚ ਪਤੱਰ ਮਿਲ ਗਿਆ ਹੈ।

ਕੁਝ ਵਿਅਕਤੀ, ਉਨ੍ਹਾਂ ਨੂੰ ਗਵਾਹ ਬਣਨ ਲਈ ਕਹੇ ਜਾਣ 'ਤੇ ਫ਼ਿਕਰਮੰਦ ਹੋ ਜਾਂਦੇ ਹਨ।

ਕੁਝ ਵਿਅਕਤੀਆਂ ਨੂੰ ਪਤਾ ਨਹੀਂ ਹੁੰਦਾ, ਕਿ ਗਵਾਹ ਬਣਨ ਦਾ ਕੀ ਮਤਲਬ ਹੈ।

ਇਸ ਪੁਸਤਿਕਾ ਵਿੱਚ ਤੁਹਾਨੂੰ ਗਵਾਹ ਬਣਨ ਸੰਬੰਧੀ ਵਧੇਰੇ ਜਾਣਕਾਰੀ ਦਿਤੀ ਗਈ ਹੈ ਅਤੇ ਕੁਝ ਮਹਤੱਵਪੂਰਨ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕੋਰਟ ਵਿੱਚ ਅਕਸਰ ਅਜਿਹੇ ਸ਼ਬਦ ਵਰਤੇ ਜਾਂਦੇ ਹਨ, ਜੋ ਤੁਸੀਂ ਸ਼ਾਇਕ ਪਹਿਲਾਂ ਨਹੀਂ ਸੁਣੇ ਹੋਣੇ। ਇਨ੍ਹਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਲਈ ਇਸ ਪੁਸਤਿਕਾ ਦੇ ਅੰਤ 'ਤੇ ਅਜਿਹੇ ਕੁਝ ਸ਼ਬਦਾਂ ਦੀ ਲਿਸਟ ਦਿਤੀ ਗਈ ਹੈ।

# ਗਵਾਹ ਕੀ ਹੁੰਦਾ ਹੈ?

ਗਵਾਹ ਉਹ ਵਿਅਕਤੀ ਹੁੰਦਾ ਹੈ, ਜਿਸਨੂੰ ਸ਼ਾਇਦ ਕਿਸੇ ਮਹਤੱਵਪੂਰਨ ਗਲ ਦਾ ਪਤਾ ਹੁੰਦਾ ਹੈ।

ਹੋ ਸਕਦਾ ਹੈ ਕਿ ਤੁਸੀਂ ਅਪਰਾਧ ਹੁੰਦਾ ਵੇਖਿਆ ਹੋਵੇ ਜਾਂ ਇਸ ਬਾਰੇ ਕੁਝ ਸੁਣਿਆ ਹੋਵੇ, ਜਾਂ ਸ਼ਾਇਦ ਤੁਸੀਂ ਕਿਸੇ ਅਪ੍ਰਾਧ ਦਾ ਸ਼ਿਕਾਰ ਹੋਏ ਹੋਵੋ।

ਸੰਭਵ ਤੌਰ 'ਤੇ ਤੁਸੀਂ ਪੁਲੀਸ ਨਾਲ ਜਾਂ ਇਕ ਵਕੀਲ ਨਾਲ ਗਲ ਕਰ ਚੁਕੇ ਹੋ ਅਤੇ ਉਨ੍ਹਾਂ ਨੂੰ ਉਹ ਕੁਝ ਦਸ ਚੁਕੇ ਹੋ, ਜੋ ਤੁਸੀਂ ਜਾਣਦੇ ਹੋ। ਇਸਨੂੰ ਬਿਆਨ ਦੇਣਾ ਕਿਹਾ ਜਾਂਦਾ ਹੈ।

ਪੁਲੀਸ ਨੇ ਹਰ ਗਲ ਦੀ ਤਹਿਕੀਕਾਤ ਕਰਨ ਤੋਂ ਬਾਅਦ, ਹੋ ਸਕਦਾ ਹੈ ਕਿ ਪ੍ਰੋਕਿਉਰੇਟਰ ਫ਼ਿਸਕਲ ਨੂੰ ਰਿਪੋਰਟ ਭੇਜ ਦਿਤੀ ਹੋਵੇ। ਪ੍ਰੋਕਿਉਰੇਟਰ ਫ਼ਿਸਕਲ ਇਕ ਵਕੀਲ ਹੁੰਦਾ ਹੈ, ਜਿਸਦਾ ਕੰਮ ਇਹ ਫ਼ੈਸਲਾ ਕਰਨਾ ਹੁੰਦਾ ਹੈ, ਕਿ ਕੀ ਕੇਸ ਅਦਾਲਤ ਵਿੱਚ ਜਾਣਾ ਚਾਹੀਦਾ ਹੈ।

ਹੁਣ ਤੁਹਾਨੂੰ ਅਦਾਲਤ ਨੂੰ ਉਹ ਕੁਝ ਦਸਣਾ ਪੈ ਸਕਦਾ ਹੈ, ਜੋ ਤੁਸੀਂ ਜਾਣਦੇ ਹੋ। ਇਸ ਨੂੰ ਤੁਹਾਡੀ 'ਗਵਾਹੀ' ਕਿਹਾ ਜਾਂਦਾ ਹੈ।

ਤੁਹਾਡੇ ਵਲੋਂ ਅਤੇ ਹੋਰ ਗਵਾਹਾਂ ਵਲੋਂ ਗਵਾਹੀ ਦਿਤੇ ਜਾਣ ਤੋਂ ਬਾਅਦ ਇਹ ਫ਼ੈਸਲਾ ਕੀਤਾ ਜਾ ਸਕਦਾ ਹੈ, ਕਿ ਕੀ ਕਿਸੇ ਨੇ ਅਪਰਾਧ ਕੀਤਾ ਹੈ (ਜਾਂ ਕਾਨੂੰਨ ਭੰਗ ਕੀਤਾ ਹੈ)।

ਕੋਰਟ ਇਹ ਫ਼ੈਸਲਾ ਕੇਵਲ ਤੁਹਾਡੇ ਜਹੇ ਗਵਾਹਾਂ ਵਲੋਂ ਦਿਤੀ ਜਾਣ ਵਾਲੀ ਸੂਚਨਾ ਦੀ ਸਹਾਇਤਾ ਨਾਲ ਕਰ ਸਕਦੀ ਹੈ।

# ਗਵਾਹ ਬਣਨ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?

ਬਹੁਤ ਸਾਰੇ ਵਿਅਕਤੀ ਗਵਾਹ ਹੁੰਦੇ ਹਨ, ਇਸ ਲਈ ਤੁਹਾਨੂੰ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਤੁਸੀਂ ਇਕੱਲੇ ਹੋ।

ਗਵਾਹ ਬਣਨਾ ਬਹੁਤ ਮਹਤੱਵਪੂਰਨ ਕੰਮ ਹੈ। ਇਹ ਸਚਾਈ ਨੂੰ ਬਿਆਨ ਕਰਨਾ ਹੈ।

ਕੁਝ ਲੋਕ ਗਵਾਹ ਬਣਨ ਜਾਂ ਕੋਰਟ ਵਿੱਚ ਜਾਣ ਬਾਰੇ ਬਹੁਤਾ ਕੁਝ ਨਹੀਂ ਜਾਣਦੇ। ਫ਼ਿਕਰ ਨਾਂਹ ਕਰੋ। ਤੁਹਾਡੀ ਸਹਾਇਤਾ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ।

ਤੁਹਾਨੂੰ ਜਾਂ ਤਾਂ ਇਕ ਪਤੱਰ ਜਾਂ ਇਕ ਸਰਕਾਰੀ ਬੁਲਾਵਾ ਮਿਲ ਚੁਕਾ ਹੋਵੇਗਾ, ਜਿਸ ਵਿੱਚ ਤੁਹਾਨੂੰ ਗਵਾਹ ਵਜੋਂ ਪੇਸ਼ ਹੋਣ ਲਈ ਤਾਰੀਖ਼ ਅਤੇ ਵਕਤ ਦਸਿਆ ਗਿਆ ਹੋਵੇਗਾ।

ਜੇ ਕਿਸੇ ਅਹਿਮ ਵਜ੍ਹਾ ਕਰਕੇ ਉਹ ਤਾਰੀਖ਼ ਤੁਹਾਡੇ ਲਈ ਮੁਸ਼ਕਲ ਹੋਵੇ, ਮਿਸਾਲ ਵਜੋਂ ਜੇਕਰ ਉਸ ਦਿਨ ਸਕੂਲ ਵਿੱਚ ਤੁਹਾਡਾ ਇਮਤਿਹਾਨ ਹੋਵੇ, ਤਾਂ ਤੁਹਾਨੂੰ, ਜਿੰਨੀ ਛੇਤੀ ਹੋ ਸਕੇ, ਵਕੀਲ ਨੂੰ ਦਸ ਦੇਣਾ ਚਾਹੀਦਾ ਹੈ।

ਹੇਠਾਂ ਕੁਝ ਸਵਾਲ ਦਿਤੇ ਗਏ ਹਨ, ਜੋ ਹੋਰ ਨੌਜਵਾਨਾਂ ਨੇ ਪੁਛੇ ਹਨ।

ਕੋਰਟ ਵਿੱਚ ਕੀ ਹੁੰਦਾ ਹੈ?

ਕੋਰਟ ਵਿੱਚ ਕੌਣ ਕੌਣ ਹੋਵੇਗਾ?

ਕੀ ਮੈਨੂੰ ਉਥੇ ਕੋਈ ਅਜਿਹਾ ਵਿਅਕਤੀ ਵੇਖਣਾ ਪਵੇਗਾ ਜਿਸਤੋਂ ਮੈਨੂੰ ਡਰ ਆਉਂਦਾ ਹੋਵੇ?

ਕੀ ਮੈਂ ਸੁਰੱਖਿਅਤ ਹੋਵਾਂਗਾ?

ਕੀ ਮੈਨੂੰ ਇਕੱਲਿਆਂ ਹੀ ਸਭ ਕੁਝ ਕਰਨਾ ਪਵੇਗਾ?

ਕੀ ਮੈਂ ਕੋਈ ਗ਼ਲਤ ਕੰਮ ਕੀਤਾ ਹੈ?

ਮੈਂ ਸਕੂਲ ਵਿੱਚ ਜਾਂ ਦੋਸਤਾਂ ਨੂੰ ਕੀ ਕਹਾਂਗਾ?

ਜਦੋਂ ਮੈਂ ਗਵਾਹ ਬਣਾਂ, ਤਾਂ ਕੌਣ ਮੇਰੀ ਮਦਦ ਕਰ ਸਕਦਾ ਹੈ?

ਇਸ ਪੁਸਤਿਕਾ ਵਿੱਚ ਦਿਤੀ ਗਈ ਸੂਚਨਾ ਤੋਂ ਇਨ੍ਹਾਂ ਸਵਾਲਾਂ ਦੇ ਜਵਾਬ ਮਿਲਣ ਵਿੱਚ ਮਦਦ ਮਿਲੇਗੀ।

# ਕੌਣ ਤੁਹਾਡੀ ਮਦਦ ਕਰ ਸਕਦਾ ਹੈ?

ਬਹੁਤ ਸਾਰੇ ਵਿਅਕਤੀ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ।

ਆਪਣੇ ਦੋਸਤਾਂ ਨਾਲ ਗਲ ਕਰਨ ਤੋਂ ਵੀ ਕਦੀ ਕਦੀ ਸਹਾਇਤਾ ਮਿਲਦੀ ਹੈ, ਪਰ ਜੇ ਤੁਸੀਂ ਅਜਿਹਾ ਨਹੀਂ ਕਰਨਾ ਚਾਹੁੰਦੇ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਆਪਣੇ ਪਰਿਵਾਰ ਵਿੱਚ ਕਿਸੇ ਨਾਲ ਜਾਂ ਆਪਣੇ ਸਕੂਲ ਵਿੱਚ ਕਿਸੇ ਨਾਲ ਗਲ ਕਰਨਾ ਵਧੇਰੇ ਆਸਾਨ ਜਾਪੇ।

ਹੇਠਾਂ ਕੁਝ ਲੋਕਾਂ ਬਾਰੇ ਜਾਣਕਾਰੀ ਦਿਤੀ ਗਈ ਹੈ, ਜਿਨ੍ਹਾਂ ਦਾ ਕੰਮ ਤੁਹਾਡੀ ਸਹਾਇਤਾ ਕਰਨਾ ਹੈ:

ਵਿਕਟਮ ਸਪੋਰਟ (ਪੀੜਤਾਂ ਲਈ ਸਮਰਥਨ) ਦੇ ਵਾਲੰਟੀਅਰ ਹਨ, ਜੋ ਅਪਰਾਧ ਪੀੜਤ ਦੀ ਅਤੇ ਕੁਝ ਗਵਾਹਾਂ ਦੀ ਵੀ ਮਦਦ ਕਰ ਸਕਦੇ ਹਨ, ਭਾਵੇਂ ਕੋਰਟ ਕੇਸ ਨਾਂਹ ਵੀ ਹੋਵੇ।

ਸੋਸ਼ਲ ਵਰਕਰ ਉਹ ਵਿਅਕਤੀ ਹੈ, ਜੋ ਵਧੀਕ ਸਹਾਇਤਾ ਦੀ ਜ਼ਰੂਰਤ ਵਾਲੇ ਲੋਕਾਂ ਨਾਲ ਕੰਮ ਕਰਦਾ ਹੈ। ਉਹ ਤੁਹਾਡੀ ਗਲ ਸੁਣੇਗਾ, ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਦਾ ਜਤਨ ਕਰੇਗਾ।

ਪੁਲੀਸ ਅਕਸਰ ਤੁਹਾਨੂੰ ਇਹ ਪਤਾ ਲਾਉਣ ਵਿੱਚ ਮਦਦ ਦੇ ਸਕਦੀ ਹੈ, ਕਿ ਕੀ ਹੋ ਰਿਹਾ ਹੈ ਅਤੇ ਉਹ ਤੁਹਾਡੇ ਸਵਾਲਾਂ ਦੇ ਉੱਤਰ ਦੇਣ ਦੀ ਵੀ ਕੋਸ਼ਿਸ਼ ਕਰੇਗੀ।

ਪ੍ਰੋਕਿਊਰੇਟਰ ਫ਼ਿਸਕਲ ਵੀ ਤੁਹਾਡੀ ਸਹਾਇਤਾ ਕਰ ਸਕਦਾ ਹੈ। ਸ਼ਾਇਦ ਤੁਸੀਂ ਉਦੋਂ ਉਸ ਨਾਲ ਗਲ ਕੀਤੀ ਹੋਵੇਗੀ, ਜਦੋਂ ਉਸਨੇ ਤੁਹਾਡੀ ਗਵਾਹੀ ਦੇ ਸੰਬੰਧ ਵਿੱਚ ਤੁਹਾਨੂੰ ਸਵਾਲ ਪੁਛੇ ਹੋਣਗੇ। ਉਹ ਤੁਹਾਨੂੰ ਕੋਰਟ ਕੇਸ ਬਾਰੇ ਦਸੇਗਾ ਅਤੇ ਸਮਝਾਏਗਾ ਕਿ ਅਗੋਂ ਕੀ ਹੋਣਾ ਹੈ।

**VIA** ਕੁਝ ਗਵਾਹਾਂ ਲਈ ਇਕ ਸੇਵਾ ਹੈ। ਇਸ ਤੋਂ ਭਾਵ ਹੈ ਪੀੜਤਾਂ ਲਈ ਸੂਚਨਾ ਅਤੇ ਸਲਾਹ ਅਤੇ VIA ਦੇ ਵਿਅਕਤੀ, ਬਹੁਤੇ ਲੋਕਾਂ ਨੂੰ, ਜੋ ਗਵਾਹ ਹੁੰਦੇ ਹਨ, ਸੂਚਨਾ ਅਤੇ ਸਲਾਹ ਪ੍ਰਦਾਨ ਕਰਨ ਲਈ ਪ੍ਰੋਕਿਊਰੇਟਰ ਫ਼ਿਸਕਲ ਨਾਲ ਕੰਮ ਕਰਦੇ ਹਨ। ਸ਼ਾਇਦ VIA ਤੋਂ ਹੀ ਕਿਸੇ ਵਿਅਕਤੀ ਨੇ ਤੁਹਾਨੂੰ ਇਹ ਪੁਸਤਿਕਾ ਭੇਜੀ। ਉਸਨੇ ਤੁਹਾਨੂੰ ਕੋਰਟ ਬਾਰੇ ਵੀ ਕੁਝ ਲੀਫ਼ਲੈਟ ਭੇਜੇ ਹੋਣੇ ਹਨ ਅਤੇ ਉਹ ਇਸ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਦਾ ਹਮੇਸ਼ਾ ਜਤਨ ਕਰੇਗਾ ਕਿ ਕੀ ਹੋ ਰਿਹਾ ਹੈ।

ਹੋ ਸਕਦਾ ਹੈ ਕਿ ਵਕੀਲ ਨੇ ਤੁਹਾਨੂੰ ਗਵਾਹ ਬਣਨ ਲਈ ਕਿਹਾ ਹੋਵੇ। ਤੁਹਾਨੂੰ ਚਾਹੀਦਾ ਹੈ, ਕਿ ਉਸਨੂੰ ਮਦਦ ਕਰਨ ਲਈ ਕਹੋ।

ਵਿਟਨੈੱਸ ਸਰਵਿਸ (ਗਵਾਹ ਸੇਵਾ) ਵੀ ਤੁਹਾਡੀ ਮਦਦ ਕਰ ਸਕਦੀ ਹੈ। ਹਰ ਸ਼ੈਰਿਫ਼ ਕੋਰਟ ਅਤੇ ਹਾਈ ਕੋਰਟ ਵਿੱਚ ਇਕ ਵਿਟਨੈਸ ਸਰਵਿਸ ਹੁੰਦੀ ਹੈ। ਵਿਟਨੈੱਸ ਸਰਵਿਸ ਦੇ ਬੰਦੇ ਸਾਰੇ ਗਵਾਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਅਤੇ ਸਮਰਥਨ ਦੇਣ ਲਈ ਉਪਲਬਧ ਹੁੰਦੇ ਹਨ। ਹੋ ਸਕਦਾ ਹੈ ਕਿ ਤੁਸੀਂ ਉਨ੍ਹਾਂ ਨਾਲ ਫ਼ੋਨ 'ਤੇ ਗਲ ਕੀਤੀ ਹੋਵੇ, ਅਤੇ ਜੇ ਤੁਸੀ ਕੋਰਟ ਵਿੱਚ ਗਏ ਹੋ ਤਾਂ ਉਥੇ ਉਨ੍ਹਾਂ ਨੂੰ ਮਿਲੇ ਹੋਵੋ।

# ਕੋਰਟ ਵਿੱਚ ਤੁਹਾਡੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

ਹੋ ਸਕਦਾ ਹੈ ਕਿ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਤੁਹਾਨੂੰ ਸਵਾਲ ਪੁਛਣੇ ਚਾਹੇ। ਇਸ ਨੂੰ 'ਕੱਚੀ ਪੇਸ਼ੀ' ਕਿਹਾ ਜਾਂਦਾ ਹੈ, ਅਤੇ ਇਸਨਾਲ ਉਹਨੂੰ ਸਾਰੇ ਸਬੂਤ ਦੀ ਜਾਂਚ ਕਰਨ ਅਤੇ ਕੋਰਟ ਲਈ ਕੇਸ ਤਿਆਰ ਕਰਨ ਵਿੱਚ ਮਦਦ ਮਿਲਦੀ ਹੈ।

ਉਹ ਤੁਹਾਨੂੰ ਇਕ ਪਤੱਰ ਭੇਜੇਗਾ, ਜਿਸ ਵਿੱਚ ਦਸਿਆ ਹੋਵੇਗਾ, ਕਿ ਤੁਸੀਂ ਕਦੋਂ ਉਸ ਨੂੰ ਮਿਲਣ ਲਈ ਜਾਉ। ਤੁਸੀਂ ਸਾਥ ਅਤੇ ਸਮਰਥਨ ਲਈ ਇਕ ਬਾਲਗ਼ ਨੂੰ ਆਪਣੇ ਨਾਲ ਲਿਆ ਸਕਦੇ ਹੋ। ਪ੍ਰੋਕਿਉਰੇਟਰ ਫ਼ਿਸਕਲ ਨੂੰ ਪੁਛੋ ਕਿ ਮੀਟਿੰਗ ਦੌਰਾਨ, ਜੇ ਇਹ ਵਿਅਕਤੀ ਤੁਹਾਡੇ ਨਾਲ ਬੈਠੇ, ਤਾਂ ਕੋਈ ਹਰਜ ਤਾਂ ਨਹੀਂ।

ਹੋ ਸਕਦਾ ਹੈ ਕਿ ਹੋਰ ਵਕੀਲ ਵੀ ਤੁਹਾਡੇ ਨਾਲ ਗਲ ਕਰਨਾ ਚਾਹੁਣ ਅਤੇ ਤੁਹਾਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਕਿਥੇ ਮਿਲਣਾ ਚਾਹੋਗੇ। ਕੁਝ ਨੌਜਵਾਨ ਇਹ ਗਲ ਪਸੰਦ ਕਰਦੇ ਹਨ, ਕਿ ਵਕੀਲ ਉਨ੍ਹਾਂ ਦੇ ਘਰ ਆਉਣ; ਕੁਝ ਹੋਰ ਨੌਜਵਾਨ ਵਕੀਲਾਂ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਣ ਨੂੰ ਤਰਜੀਹ ਦਿੰਦੇ ਹਨ। ਇਸਦਾ ਫ਼ੈਸਲਾ ਤੁਸੀਂ ਕਰ ਸਕਦੇ ਹੋ। ਤੁਸੀਂ ਅਜਿਹੇ ਵਕਤ ਦਾ ਸੁਝਾਅ ਵੀ ਦੇ ਸਕਦੇ ਹੋ, ਜੋ ਤੁਹਾਡੇ ਲਈ ਸਭ ਤੋਂ ਵਧ ਢੁਕਵਾਂ ਹੋਵੇ। ਤੁਸੀਂ ਕਿਸੇ ਨੂੰ ਆਪਣੇ ਨਾਲ ਬਿਠਾ ਵੀ ਸਕਦੇ ਹੋ, ਬਸ਼ਰਤੇ ਕਿ ਉਹ ਆਪ ਗਵਾਹ ਨਾਂਹ ਹੋਵੇ।

ਜਦੋਂ ਪ੍ਰੋਕਿਉਰੇਟਰ ਫ਼ਿਸਕਲ ਜਾਂ ਹੋਰ ਵਕੀਲ ਤੁਹਾਡੇ ਕੋਲੋਂ ਸਵਾਲ ਪੁਛਣ, ਤਾਂ ਤੁਹਾਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ।

ਇਸ ਪੁਸਤਿਕਾ ਨੂੰ ਪੜ੍ਹ ਲੈਣ ਤੋਂ ਬਾਅਦ ਵੀ ਹੋ ਸਕਦਾ ਹੈ ਕਿ ਤੁਸੀਂ ਕੁਝ ਸਵਾਲ ਪੁਛਣੇ ਚਾਹੋ। ਪ੍ਰਕਿਉਰੇਟਰ ਫ਼ਿਸਕਲ ਅਤੇ ਵਕੀਲ, ਉਨ੍ਹਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ।

# ਕੋਰਟ

ਸਕਾਟਲੈਂਡ ਭਰ ਵਿੱਚ ਕੋਰਟਾਂ ਹਨ ਅਤੇ ਉਹ ਵਖ ਵਖ ਤਰ੍ਹਾਂ ਦੇ ਕੇਸਾਂ ਨਾਲ ਨਜਿੱਠਦੀਆਂ ਹਨ। ਅਪਰਾਧਕ ਕੋਰਟਾਂ ਉਨ੍ਹਾਂ ਕੇਸਾਂ ਨਾਲ ਨਜਿੱਠਦੀਆਂ ਹਨ, ਜਿਨ੍ਹਾਂ ਵਿੱਚ ਕਿਸੇ 'ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਹੁੰਦਾ ਹੈ।

ਜੱਜ, ਕੋਰਟ ਦਾ ਇਨਚਾਰਜ ਹੁੰਦਾ ਹੈ। ਕੁਝ ਕੋਰਟਾਂ ਵਿੱਚ ਜੱਜਾਂ ਨੂੰ 'ਸ਼ੈਰਿਫ਼' ਵੀ ਕਿਹਾ ਜਾਂਦਾ ਹੈ।

ਜੱਜ ਇਹ ਯਕੀਨੀ ਬਣਾਏਗਾ, ਕਿ ਸਾਰੇ ਗਵਾਹ ਸਮੇਤ ਨੌਜਵਾਨ ਗਵਾਹਾਂ ਦੇ, ਕੋਰਟ ਨੂੰ ਉਹ ਸਭ ਕੁਝ ਦਸ ਸਕਣ, ਜੋ ਉਹ ਜਾਣਦੇ ਹਨ। ਜੱਜ ਤੁਹਾਡੀ 'ਗਵਾਹੀ' ਸੁਣੇਗਾ ਅਤੇ ਆਮ ਕਰਕੇ ਇਸ ਬਾਰੇ ਅੰਤਮ ਫ਼ੈਸਲਾ ਕਰੇਗਾ, ਕਿ ਕੀ ਕਾਨੂੰਨ ਭੰਗ ਕੀਤਾ ਗਿਆ ਹੈ, ਅਤੇ ਅਗੋਂ ਕੀ ਹੋਣਾ ਚਾਹੀਦਾ ਹੈ।

ਬਹੁਤੀਆਂ ਕੋਰਟਾਂ ਦੀਆਂ ਇਮਾਰਤਾਂ ਅੰਦਰ ਇਕ ਤੋਂ ਵਧ ਕੋਰਟ ਰੂਮ ਹੁੰਦੇ ਹਨ।

# ਕੋਰਟ ਰੂਮ ਵਿੱਚ ਕੌਣ ਕੌਣ ਹੁੰਦਾ ਹੈ ਅਤੇ ਉਨ੍ਹਾਂ ਦੇ ਕੀ ਕੰਮ ਹੁੰਦੇ ਹਨ?

ਜੱਜ ਜਾਂ ਸ਼ੈਰਿਫ਼ ਹਮੇਸ਼ਾ ਕੋਰਟ ਵਿੱਚ ਹੁੰਦਾ ਹੈ। ਉਨ੍ਹਾਂ ਦੇ ਕੰਮ ਦਾ ਸਭ ਤੋਂ ਅਹਿਮ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਹਰ ਇਕ ਕਾਰਵਾਈ ਨਿਆਂਪੂਰਨ ਹੋਵੇ ਅਤੇ ਕੋਰਟ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ।

ਪ੍ਰੌਕਿਉਰੇਟਰ ਫ਼ਿਸਕਲ ਜਾਂ ਵਕੀਲ: ਇਹ ਉਹ ਵਿਅਕਤੀ ਹਨ, ਜੋ ਗਵਾਹਾਂ ਨੂੰ ਸਵਾਲ ਪੁਛਦੇ ਹਨ ਤਾਂ ਜੋ ਉਹ ਗਵਾਹੀਆਂ ਦੇ ਸਕਣ। ਉਹ ਕੋਰਟ ਨੂੰ ਹੋਰ ਸਬੂਤ ਵੀ ਵਿਖਾ ਸਕਦੇ ਹਨ (ਜਿਵੇਂ ਕਿ ਫ਼ੋਟੋ)।

ਕਲਰਕ: ਇਹ ਵਿਅਕਤੀ ਕੋਰਟ ਦੇ ਕਾਗ਼ਜ਼ ਪਤੱਰਾਂ ਅਤੇ ਰਿਕਾਰਡਾਂ ਲਈ ਜ਼ਿਮੇਵਾਰ ਹੁੰਦਾ ਹੈ।

ਕੋਰਟ ਅਫ਼ਸਰ (ਜਿਸਨੂੰ ਕਦੀ ਕਦੀ ਮੇਸਰ ਕਿਹਾ ਜਾਂਦਾ ਹੈ): ਇਸ ਵਿਅਕਤੀ ਦੀ ਜ਼ਿਮੇਵਾਰੀ ਕੋਰਟ ਵਿੱਚ ਜੱਜ ਅਤੇ ਹੋਰਨਾਂ ਦੀ ਮਦਦ ਕਰਨਾ ਹੈ। ਕੋਰਟ ਅਫ਼ਸਰ ਗਵਾਹਾਂ ਨੂੰ ਇਹ ਵੀ ਦਸਦਾ ਹੈ ਕਿ ਗਵਾਹੀ ਦੇਣ ਲਈ ਉਨ੍ਹਾਂ ਦੀ ਕਦੋਂ ਵਾਰੀ ਹੈ।

ਜਿਊਰੀ: ਕੁਝ ਕੇਸਾਂ ਵਿੱਚ ਜਿਊਰੀ ਇਹ ਫ਼ੈਸਲਾ ਕਰਦੀ ਹੈ, ਕਿ ਕੀ ਕਾਨੂੰਨ ਭੰਗ ਕੀਤਾ ਗਿਆ ਹੈ। ਜਿਊਰੀ ਵਿੱਚ 15 ਵਿਅਕਤੀ ਹੁੰਦੇ ਹਨ, ਅਤੇ ਕੇਸ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੁੰਦਾ। ਉਹ ਗਵਾਹੀਆਂ ਸੁਣਦੇ ਹਨ, ਅਤੇ ਇਹ ਫ਼ੈਸਲਾ ਕਰਦੇ ਹਨ ਕਿ ਕੀ ਕਾਨੂੰਨ ਭੰਗ ਹੋਇਆ ਹੈ।

ਦੋਸ਼ੀ: ਇਹ ਉਹ ਵਿਅਕਤੀ ਹੈ, ਜਿਸ 'ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਹੁੰਦਾ ਹੈ। ਉਹ ਹਮੇਸ਼ਾ ਕੋਰਟ ਵਿੱਚ ਹੋਵੇਗਾ/ਹੋਵੇਗੀ ਅਤੇ ਸਭ ਕੁਝ ਵੇਖ ਅਤੇ ਸੁਣ ਸਕੇਗਾ/ਸਕੇਗੀ।

ਪਬਲਿਕ: ਕੋਰਟ ਆਮ ਕਰਕੇ ਪਬਲਿਕ ਲਈ ਖੁਲ੍ਹੀ ਹੁੰਦੀ ਹੈ, ਅਤੇ ਇਸ ਕਰਕੇ ਕੋਰਟ ਰੂਮ ਦੇ ਪਿਛਲੇ ਹਿੱਸੇ ਵਿੱਚ ਲੋਕ ਵਕੀਲਾਂ ਅਤੇ ਗਵਾਹਾਂ ਨੂੰ ਸੁਣਨ ਲਈ ਬੈਠ ਸਕਦੇ ਹਨ।

ਕੋਰਟ ਪੁਲੀਸ ਜਾਂ ਸੁਰੱਖਿਆ ਅਫ਼ਸਰ: ਉਨ੍ਹਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੈ, ਕਿ ਗਵਾਹਾਂ, ਕੋਰਟ ਦੇ ਅਮਲੇ ਅਤੇ ਪਬਲਿਕ ਦਾ ਵਰਤਾਰਾ ਉਚਿਤ ਹੋਵੇ, ਅਤੇ ਉਹ ਸੁਰੱਖਿਅਤ ਹੋਣ।

# ਅਦਾਲਤੀ ਮੁਕੱਦਮਾ - ਤੁਸੀਂ ਕੀ ਕਰਨਾ ਹੈ

ਜੇ ਅਪਰਾਧ ਕਰਨ ਦਾ ਦੋਸ਼ੀ ਵਿਅਕਤੀ ਕਹਿੰਦਾ ਹੈ, ਕਿ ਉਹ ਕਸੂਰਵਾਰ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਕੋਰਟ ਵਿੱਚ ਨਾਂਹ ਆਉਣਾ ਪਵੇ ਜਾਂ ਕਿਸੇ ਸਵਾਲ ਦਾ ਜਵਾਬ ਜਾਂ ਕੋਈ ਗਵਾਹੀ ਨਾਂਹ ਦੇਣੀ ਪਵੇ।

ਜੇ ਦੋਸ਼ੀ ਵਿਅਕਤੀ ਕਹਿੰਦਾ ਹੈ, ਕਿ ਉਹ ਕਸੂਰਵਾਰ ਨਹੀਂ ਹੈ, ਤਾਂ ਮੁਕੱਦਮਾ ਚਲਾਇਆ ਜਾ ਸਕਦਾ ਹੈ, ਅਤੇ ਫਿਰ ਤੁਹਾਡਾ ਕੰਮ ਕੋਰਟ ਨੂੰ ਉਹ ਕੁਝ ਦਸਣਾ ਹੈ, ਜੋ ਤੁਸੀਂ ਜਾਣਦੇ ਹੋ।

ਜੱਜ ਨੂੰ ਗਵਾਹਾਂ ਦੀ ਜ਼ਰੂਰਤ ਹੁੰਦੀ ਹੈ, ਤਾਂ ਜੋ ਉਹ ਗਵਾਹੀਆਂ ਦੇਣ ਅਤੇ ਜੋ ਕੁਝ ਵਾਪਰਿਆ ਹੈ ਉਸਦੀ ਤਸਵੀਰ ਸਾਮ੍ਹਣੇ ਲਿਆਂਦੀ ਜਾ ਸਕੇ। ਗਵਾਹਾਂ ਤੋਂ ਬਿਨਾਂ ਜੱਜ ਨੂੰ ਅਤੇ ਕਦੀ ਕਦੀ ਜਿਊਰੀ ਨੂੰ ਪਤਾ ਨਹੀਂ ਲਗੇਗਾ, ਕਿ ਕੀ ਹੋਇਆ ਸੀ ਅਤੇ ਉਹ ਕੇਸ ਦੇ ਅੰਤ 'ਤੇ ਕਿਸੇ ਉਚਿਤ ਫ਼ੈਸਲੇ 'ਤੇ ਨਹੀਂ ਪਹੁੰਚ ਸਕਣਗੇ।

ਇਕ ਇਕ ਕਰਕੇ ਗਵਾਹ ਕੋਰਟ ਨੂੰ ਦਸਦੇ ਹਨ, ਕਿ ਕੀ ਹੋਇਆ ਸੀ ਜਾਂ ਉਹ ਕੀ ਜਾਣਦੇ ਹਨ। ਇਹ ਉਨ੍ਹਾਂ ਦੀ ਗਵਾਹੀ ਹੈ।

ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਤੁਹਾਨੂੰ ਸਵਾਲ ਪੁਛੇ ਜਾਣਗੇ, ਆਮ ਤੌਰ 'ਤੇ ਪ੍ਰੋਕਿਉਰੇਟਰ ਫ਼ਿਸਕਲ ਅਤੇ ਵਕੀਲ ਸਵਾਲ ਪੁਛਦੇ ਹਨ। ਜੱਜ ਵੀ ਤੁਹਾਨੂੰ ਸਵਾਲ ਪੁਛ ਸਕਦਾ ਹੈ।

ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ, ਤੁਹਾਡੇ ਕੋਲੋਂ ਉਸ ਬਾਰੇ ਸਵਾਲ ਪੁਛ ਸਕਦੇ ਹਨ, ਜੋ ਕੁਝ ਤੁਹਾਡੇ ਨਾਲ ਜਾਂ ਕਿਸੇ ਹੋਰ ਨਾਲ ਵਾਪਰਿਆ। ਜਾਂ ਉਹ ਤੁਹਾਡੇ ਕੋਲੋਂ ਉਸ ਬਾਰੇ ਸਵਾਲ ਪੁਛ ਸਕਦੇ ਹਨ, ਜੋ ਤੁਸੀਂ ਵੇਖਿਆ ਜਾਂ ਸੁਣਿਆ ਹੋਵੇ।

ਤੁਹਾਨੂੰ ਹਰ ਗਲ ਧਿਆਨ ਨਾਲ ਸੁਣਨੀ ਚਾਹੀਦੀ ਹੈ, ਅਤੇ ਜਿਥੋਂ ਤਕ ਹੋ ਸਕੇ ਸਹੀ ਜਵਾਬ ਦੇਣ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਕ ਗਵਾਹ ਵਜੋਂ ਤੁਹਾਡਾ ਕੰਮ ਸਵਾਲਾਂ ਦੇ ਜਵਾਬ ਵਿੱਚ ਸੱਚ ਬਿਆਨ ਕਰਨਾ ਹੈ ਅਤੇ ਕੋਰਟ ਨੂੰ ਉਹ ਕੁਝ ਦਸਣਾ ਹੈ, ਜੋ ਤੁਸੀਂ ਜਾਣਦੇ ਹੋ।

ਕੁਝ ਸਵਾਲਾਂ ਦੇ ਜਵਾਬ ਦੇਣਾ ਔਖਾ ਹੋ ਸਕਦਾ ਹੈ ਜਾਂ ਇਸ ਦਾ ਮਤਲਬ ਕੋਈ ਭੇਦ ਦਸਣਾ ਹੋ ਸਕਦਾ ਹੈ। ਇਸ ਵਿੱਚ ਕੋਈ ਹਰਜ ਨਹੀਂ। ਤੁਹਾਨੂੰ ਇਹ ਯਾਦ ਰਖਣਾ ਚਾਹੀਦਾ ਹੈ, ਕਿ ਕੋਰਟ ਅਕਸਰ ਲੋਕਾਂ ਨੂੰ ਨਿਜੀ ਗਲਾਂ ਦਾ ਜ਼ਿਕਰ ਕਰਦਿਆਂ ਸੁਣਦੀ ਹੈ, ਅਤੇ ਉਹ ਸਮਝ ਸਕੇਗੀ ਕਿ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ। ਤੁਹਾਨੂੰ ਸਮਾਂ ਲੈਣਾ ਚਾਹੀਦਾ ਹੈ ਅਤੇ ਸੱਚ ਬਿਆਨ ਕਰਦੇ ਰਹਿਣਾ ਚਾਹੀਦਾ ਹੈ।

ਪ੍ਰੋਕਿਉਰੇਟਰ ਫ਼ਿਸਕਲ ਅਤੇ ਵਕੀਲ, ਤੁਸੀਂ ਜੋ ਕੁਝ ਕਿਹਾ ਹੋਵੇ, ਉਸਨੂੰ ਚੈਕ ਕਰਨਾ ਚਾਹੁਣਗੇ। ਤੁਸੀਂ ਜੋ ਕੁਝ ਕਿਹਾ ਹੋਵੇ, ਉਸਦੀ ਜਾਂਚ ਲਈ ਉਹ ਕੁਝ ਸਵਾਲ ਦੋਹਰਾ ਸਕਦੇ ਹਨ। ਅਜਿਹਾ ਆਮ ਹੁੰਦਾ ਹੈ। ਤੁਹਾਨੂੰ ਸਿਰਫ਼ ਇਹ ਗਲ ਧਿਆਨ ਵਿੱਚ ਰਖਣੀ ਚਾਹੀਦੀ ਹੈ, ਕਿ ਤੁਸੀਂ ਕੋਰਟ ਵਿੱਚ ਸੱਚ ਬਿਆਨ ਕਰਨਾ ਹੈ।

# ਕੋਰਟ ਨੂੰ ਉਹ ਕੁਝ ਦਸਣਾ ਜੋ ਤੁਸੀਂ ਜਾਣਦੇ ਹੋ

ਜੱਜ ਅਤੇ ਵਕੀਲਾਂ ਨੂੰ ਪਤਾ ਨਹੀਂ ਹੁੰਦਾ ਕਿ ਕੀ ਹੋਇਆ ਸੀ। ਤੁਹਾਨੂੰ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਕੋਰਟ ਨੂੰ ਉਹ ਕੁਝ ਦਸਣਾ ਚਾਹੀਦਾ ਹੈ, ਜੋ ਤੁਸੀਂ ਜਾਣਦੇ ਹੋ।

ਇਸ ਕੰਮ ਨੂੰ ਆਸਾਨ ਬਣਾਉਣ ਲਈ ਕੁਝ ਮਹਤੱਵਪੂਰਨ ਨੁਕਤੇ ਹਨ।

- ਹਰ ਸਵਾਲ ਨੂੰ ਹਮੇਸ਼ਾ ਧਿਆਨ ਨਾਲ ਸੁਣੋ। ਸਵਾਲ ਦਾ ਜਵਾਬ ਦਿਉ ਪਰ ਜਤਨ ਕਰੋ ਕਿ ਇਸ ਵਿੱਚ ਕਾਹਲ ਨਾਂਹ ਕੀਤੀ ਜਾਵੇ।

- ਸਪਸ਼ਟ ਰੂਪ ਵਿੱਚ ਬੋਲੋ। ਜੇ ਤੁਸੀਂ ਸਾਫ਼ ਤੌਰ ਤੇ ਬੋਲੋਗੇ ਤਾਂ ਜੱਜ ਤੁਹਾਡੀ ਗਲ ਠੀਕ ਤਰ੍ਹਾਂ ਸੁਣ ਸਕੇਗਾ, ਅਤੇ ਤੁਹਾਨੂੰ ਹਰ ਗਲ ਦੁਹਰਾਉਣ ਲਈ ਨਹੀਂ ਕਹਿਣਾ ਪਵੇਗਾ।

- ਕਈ ਕੋਰਟਾਂ ਵਿੱਚ, ਜੋ ਕੁਝ ਵੀ ਹੁੰਦਾ ਹੈ, ਉਹ ਟੇਪ 'ਤੇ ਰਿਕਾਰਡ ਕਰ ਲਿਆ ਜਾਂਦਾ ਹੈ। ਇਹ ਇਕ ਹੋਰ ਵਜ੍ਹਾ ਹੈ, ਜਿਸ ਕਰਕੇ ਸਾਫ਼ ਬੋਲਣਾ ਚਾਹੀਦਾ ਹੈ। ਇਸਦਾ ਇਹ ਵੀ ਮਤਲਬ ਹੈ ਕਿ ਤੁਸੀਂ ਹਾਂ ਜਾਂ ਨਾਂਹ ਕਹਿਣ ਲਈ ਸਿਰਫ਼ ਆਪਣਾ ਸਿਰ ਨਹੀਂ ਹਿਲਾ ਸਕਦੇ। ਤੁਹਾਨੂੰ ਉੱਚੀ ਆਵਾਜ਼ ਵਿੱਚ ਬੋਲਣਾ ਹੋਵੇਗਾ।

- ਤੁਸੀਂ ਕੋਰਟ ਨੂੰ ਜੋ ਦਸਦੇ ਹੋ, ਉਹ ਤੁਹਾਡੀ ਆਪਣੀ ਗਵਾਹੀ ਹੁੰਦੀ ਹੈ। ਕੋਰਟ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਨੂੰ ਤੁਹਾਡੇ ਕੋਲੋਂ ਤੁਹਾਡੇ ਆਪਣੇ ਸ਼ਬਦਾਂ ਵਿੱਚ ਸੁਣੇ। ਇਹ ਨਹੀਂ ਹੋਣਾ ਚਾਹੀਦਾ ਕਿ ਕੋਈ ਤੁਹਾਨੂੰ ਦਸੇ ਕਿ ਕੀ ਕਹਿਣਾ ਹੈ।

- ਤੁਹਾਨੂੰ ਜ਼ਰੂਰ ਇਹ ਪੱਕ ਕਰਨਾ ਚਾਹੀਦਾ ਹੈ ਕਿ ਤੁਸੀਂ ਹਰ ਸਵਾਲ ਦਾ ਮਤਲਬ ਸਮਝੋ, ਅਤੇ ਫਿਰ ਜਵਾਬ ਦਿਉ। ਜੇ ਤੁਹਾਨੂੰ ਸਵਾਲ ਦਾ ਕੋਈ ਸ਼ਬਦ ਜਾਂ ਵਾਕ ਜਾਂ ਕੋਈ ਹਿੱਸਾ ਸਮਝ ਨਹੀਂ ਆਉਂਦਾ, ਤਾਂ ਉਨ੍ਹਾਂ ਨੂੰ ਕਹੋ ਕਿ ਉਹ ਇਸ ਨੂੰ ਸਪਸ਼ਟ ਕਰਨ, ਜਾਂ ਕਿਸੇ ਹੋਰ ਤਰੀਕੇ ਨਾਲ ਕਹਿਣ। ਸਿਰਫ਼ ਅਨੁਮਾਨ ਨਾਂਹ ਲਾਉ। ਉਦੋਂ ਤਕ ਇਹ ਮੰਗ ਕਰਦੇ ਰਹੋ, ਜਦ ਤਕ ਤੁਹਾਨੂੰ ਯਕੀਨ ਨਹੀਂ ਹੋ ਜਾਂਦਾ ਕਿ ਤੁਸੀਂ ਉਸਦਾ ਮਤਲਬ ਸਮਝ ਗਏ ਹੋ।

- ਜੇ ਤੁਹਾਨੂੰ ਕਿਸੇ ਜਵਾਬ ਬਾਰੇ ਪੱਕਾ ਪਤਾ ਨਹੀਂ, ਜਾਂ ਕੋਈ ਗਲ ਯਾਦ ਨਹੀਂ ਆਉਂਦੀ, ਤਾਂ ਵਕੀਲਾਂ ਜਾਂ ਜੱਜ ਨੂੰ ਦਸ ਦਿਉ। ਤੁਹਾਨੂੰ ਅੰਦਾਜ਼ਾ ਲਾਉਣ ਜਾਂ ਜਵਾਬ ਘੜਨ ਦਾ ਜਤਨ ਨਹੀਂ ਕਰਨਾ ਚਾਹੀਦਾ।

- ਯਾਦ ਰਖੋ ਕਿ ਤੁਹਾਡੇ ਲਈ ਹਰ ਉਸ ਗਲ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਜੋ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਤੁਹਾਨੂੰ ਕਹਿੰਦੇ ਹਨ, ਅਤੇ ਸਿਰਫ਼ ਉਨ੍ਹਾਂ ਨੂੰ ਖ਼ੁਸ਼ ਕਰਨ ਦੀ ਖ਼ਾਤਰ ਕੁਝ ਕਹਿਣਾ ਜ਼ਰੂਰੀ ਨਹੀਂ। ਤੁਹਾਨੂੰ ਕੋਈ ਗਲ ਮਨੋ ਨਹੀਂ ਲਾਉਣੀ ਚਾਹੀਦੀ, ਜਾਂ ਕੋਈ ਗਲ ਛਡ ਨਹੀਂ ਦੇਣੀ ਚਾਹੀਦੀ।

- ਤੁਹਾਡੇ ਲਈ ਸਭ ਤੋਂ ਮਹਤਵੱਪੂਰਨ ਗਲ ਇਹ ਹੈ ਕਿ ਤੁਸੀਂ ਸਭ ਕੁਝ ਸੱਚ ਸੱਚ ਦਸੋ। ਹਮੇਸ਼ਾ ਸੱਚ ਬੋਲੋ।

# ਕੋਰਟਰੂਮ ਵਿੱਚ ਕਿਸੇ ਦੀ ਸ਼ਨਾਖ਼ਤ ਕਰਨਾ

ਕੋਰਟ ਵਿੱਚ ਜਾਣ ਤੋਂ ਪਹਿਲਾਂ, ਸ਼ਾਇਦ ਪੁਲੀਸ ਨੇ ਤੁਹਾਨੂੰ ਕਿਹਾ ਹੋਵੇ, ਕਿ ਉਸ ਨੂੰ ਉਹ ਵਿਅਕਤੀ ਵਿਖਾਉ ਜਿਸ ਬਾਰੇ ਤੁਸੀਂ ਪੁਲੀਸ ਨੂੰ ਦਸਿਆ ਸੀ। ਜੇ ਤੁਸੀਂ ਅਜਿਹਾ ਕੀਤਾ ਸੀ, ਤਾਂ ਸ਼ਾਇਦ ਤੁਹਾਨੂੰ ਕੋਰਟ ਵਿੱਚ ਫਿਰ ਅਜਿਹਾ ਕਰਨ ਲਈ ਨਹੀਂ ਕਿਹਾ ਜਾਏਗਾ।

ਪਰ ਕਦੀ ਕਦੀ ਗਵਾਹਾਂ ਨੂੰ ਕੋਰਟਰੂਮ ਵਿੱਚ ਉਸ ਵਿਅਕਤੀ ਦੀ ਸ਼ਨਾਖ਼ਤ ਕਰਨ ਲਈ ਕਿਹਾ ਜਾਂਦਾ ਹੈ, ਜਿਸਦਾ ਕਿ ਉਹ ਜ਼ਿਕਰ ਕਰ ਰਹੇ ਹੁੰਦੇ ਹਨ। ਹੋ ਸਕਦਾ ਹੈ ਕਿ ਤੁਹਾਨੂੰ ਕੋਰਟ ਵਿੱਚ ਚੁਫੇਰੇ ਵੇਖਣ ਅਤੇ ਇਹ ਦਸਣ ਲਈ ਕਿਹਾ ਜਾਵੇ ਕਿ ਕੀ ਉਹ ਤੁਹਾਨੂੰ ਉਥੇ ਨਜ਼ਰ ਆ ਰਿਹਾ ਜਾਂ ਆ ਰਹੀ ਹੈ।

ਤੁਹਾਨੂੰ ਵਕਤ ਲਾ ਕੇ ਧਿਆਨ ਨਾਲ ਵੇਖਣਾ ਚਾਹੀਦਾ ਹੈ। ਜੇ ਤੁਹਾਨੂੰ ਉਹ ਨਜ਼ਰ ਆਉਂਦਾ ਜਾਂ ਆਉਂਦੀ ਹੈ, ਤਾਂ ਉਸ ਵਲ ਇਸ਼ਾਰਾ ਕਰਨਾ ਚਾਹੀਦਾ ਹੈ। ਜੇ ਉਹ ਵਿਖਾਈ ਨਹੀਂ ਦਿੰਦਾ ਜਾਂ ਦਿੰਦੀ, ਤਾਂ ਕਹਿ ਦਿਉ।

ਜੇ ਤੁਹਾਨੂੰ ਕੋਰਟ ਵਿੱਚ ਕਿਸੇ ਵਿਅਕਤੀ ਦੇ ਵਿਖਾਈ ਦੇਣ ਦੇ ਸੰਬੰਧ ਵਿੱਚ ਬਹੁਤ ਚਿੰਤਾ ਹੈ, ਤਾਂ ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਨਾਲ ਗਲ ਕਰਨੀ ਚਾਹੀਦੀ ਹੈ, ਜੋ ਤੁਹਾਡੀ ਮਦਦ ਕਰ ਸਕੇ।

# ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਿਸ਼ੇਸ਼ ਢੰਗ

ਕੋਰਟ ਵਿੱਚ ਗਵਾਹ ਬਣਨਾ ਹਮੇਸ਼ਾ ਆਸਾਨ ਨਹੀਂ ਹੁੰਦਾ, ਵਿਸ਼ੇਸ਼ ਰੂਪ ਵਿੱਚ ਨੌਜਵਾਨ ਵਿਅਕਤੀਆਂ ਲਈ ਬਾਲਗ਼ ਤੁਹਾਡੇ ਫ਼ਿਕਰਮੰਦ ਹੋਣ ਦੀ ਗਲ ਨੂੰ ਸਮਝ ਸਕਣਗੇ। ਕਾਨੂੰਨ ਕੋਰਟ ਨੂੰ ਇਹ ਇਜਾਜ਼ਤ ਦਿੰਦਾ ਹੈ ਕਿ ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਖ ਵਖ ਤਰੀਕੇ ਮੁਹੱਈਆ ਕੀਤੇ ਜਾਣ।

ਪ੍ਰੋਕਿਊਰੇਟਰ ਫ਼ਿਸਕਲ ਜਾਂ ਵਕੀਲ ਤੁਹਾਨੂੰ ਪੁਛੇਗਾ ਕਿ ਤੁਸੀਂ ਨਿਮਨਲਿਖਤ ਵਿਚੋਂ ਕਿਸੇ ਤਰੀਕੇ ਦੁਆਰਾ ਗਵਾਹੀ ਦੇਣਾ ਚਾਹੋਗੇ:

- ਕੋਰਟ ਰੂਮ ਵਿੱਚ ਸਕ੍ਰੀਨ ਦੀ ਵਰਤੋਂ ਕਰਕੇ
- ਕੋਰਟ ਦੀ ਇਮਾਰਤ ਅੰਦਰ ਕਿਸੇ ਹੋਰ ਕਮਰੇ ਵਿੱਚ ਟੈਲੀਵਿਯਨ ਲਿੰਕ ਦੀ ਵਰਤੋਂ ਕਰਕੇ
- ਜਦੋਂ ਤੁਸੀਂ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਕਰੋ, ਤਾਂ ਸਮਰਥਨ ਦੇਣ ਵਾਲੇ ਇਕ ਵਿਅਕਤੀ ਨੂੰ ਆਪਣੇ ਨਾਲ ਰਖਕੇ

ਪ੍ਰੋਕਿਊਰੇਟਰ ਫ਼ਿਸਕਲ, ਵਕੀਲ, VIA, ਵਿਟਨੈਸ ਸਰਵਿਸ (ਗਵਾਹ ਸੇਵਾ) ਜਾਂ ਸੋਸ਼ਲ ਵਰਕਰ ਇਹ ਸਾਰੇ ਤੁਹਾਨੂੰ ਇਹ ਵਖ ਵਖ ਤਰੀਕੇ ਸਮਝਾਉਣ ਵਿੱਚ ਮਦਦ ਕਰ ਸਕਦੇ ਹਨ। ਇਨ੍ਹਾਂ ਵਖ ਵਖ ਤਰੀਕਿਆਂ ਨੂੰ 'ਵਿਸ਼ੇਸ਼ ਢੰਗ' ਕਿਹਾ ਜਾਂਦਾ ਹੈ।

# ਟੈਲੀਵਿਯਨ ਲਿੰਕ ਦੀ ਵਰਤੋਂ

ਤੁਸੀਂ ਟੈਲੀਵਿਯਨ ਲਿੰਕ ਦੀ ਵਰਤੋਂ ਦੁਆਰਾ ਕੋਰਟਰੂਮ ਵਿੱਚ ਜਾਏ ਬਗ਼ੈਰ ਗਵਾਹ ਬਣ ਸਕਦੇ ਹੋ। ਜੇ ਤੁਸੀਂ ਲੋਕਾਂ ਨਾਲ ਭਰੇ ਕੋਰਟ ਰੂਮ ਵਿੱਚ ਜਾਣ ਤੋਂ ਚਿੰਤਾਤੁਰ ਹੋ ਤਾਂ ਇਹ ਢੰਗ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ। ਤੁਸੀਂ ਕੋਰਟ ਵਿੰਚ ਗਵਾਹੀ ਦੇਣ ਲਈ ਇਸ ਟੈਲੀਵਿਯਨ ਦੀ ਵਰਤੋਂ ਕਰ ਸਕਦੇ ਹੋ।

ਟੈਲੀਵਿਯਨ ਲਿੰਕ ਰੂਮ ਆਮ ਕਰਕੇ ਕੋਰਟ ਵਾਲੀ ਬਿਲਡਿੰਗ ਵਿੱਚ ਹੁੰਦਾ ਹੈ। ਟੈਲੀਵਿਯਨ ਨੂੰ ਕੋਰਟਰੂਮ ਨਾਲ ਜੋੜਿਆ ਜਾਂਦਾ ਹੈ, ਜਿਥੇ ਜੱਜ ਅਤੇ ਵਕੀਲਾਂ ਕੋਲ ਵੀ ਟੈਲੀਵਿਯਨ ਅਤੇ ਕੈਮਰੇ ਹੁੰਦੇ ਹਨ। ਇਨ੍ਹਾਂ ਨੂੰ ਸਵਿਚ ਆੱਨ ਕੀਤੇ ਜਾਣ 'ਤੇ, ਤੁਸੀਂ ਸਵਾਲ ਪੁਛਣ ਵਾਲੇ ਵਿਅਕਤੀ ਨੂੰ ਸੁਣ ਅਤੇ ਵੇਖ ਸਕੋਗੇ, ਪਰ ਕਿਸੇ ਹੋਰ ਨੂੰ ਨਹੀਂ ਵੇਖ ਸਕੋਗੇ। ਕੋਰਟਰੂਮ ਵਿੱਚ ਹਰ ਕੋਈ ਤੁਹਾਨੂੰ ਵੇਖ ਅਤੇ ਸੁਣ ਸਕੇਗਾ।

ਟੈਲੀਵਿਯਨ ਅਤੇ ਕੈਮਰੇ ਜੱਜ ਦੇ ਕੰਟਰੋਲ ਹੇਠ ਹੁੰਦੇ ਹਨ। ਜਦੋਂ ਵਕੀਲ ਤੁਹਾਡੇ ਨਾਲ ਗਲ ਕਰ ਰਹੇ ਹੁੰਦੇ ਹਨ, ਤਾਂ ਜੱਜ ਤੁਹਾਨੂੰ ਅਤੇ ਹਰ ਉਸ ਵਿਅਕਤੀ ਨੂੰ ਵੇਖ ਅਤੇ ਸੁਣ ਸਕਦਾ ਹੈ, ਜੋ ਕਮਰੇ ਵਿੱਚ ਤੁਹਾਡੇ ਸਮਰਥਨ ਲਈ ਨਾਲ ਹੁੰਦਾ ਹੈ।

ਜੇ ਤੁਸੀਂ ਟੈਲੀਵਿਯਨ ਲਿੰਕ ਦੀ ਵਰਤੋਂ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਕੁਝ ਗਲਾਂ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ:

- ਜੱਜਾਂ ਅਤੇ ਵਕੀਲਾਂ ਨੂੰ ਫਿਰ ਵੀ ਕੁਝ ਚੀਜ਼ਾਂ ਲਿਖਣੀਆਂ ਪੈਂਦੀਆਂ ਹਨ ਅਤੇ ਇਸਦੀ ਰਫ਼ਤਾਰ ਕਦੀ ਕਦੀ ਕਾਫ਼ੀ ਮਠੀ ਹੋ ਸਕਦੀ ਹੈ। ਇਸ ਕਰਕੇ ਜੇ ਸਵਾਲਾਂ ਦੇ ਵਿਚਕਾਰ ਵਕਫ਼ਾ ਹੋਏ, ਤਾਂ ਫ਼ਿਕਰ ਨਾਂਹ ਕਰੋ।

- ਕਦੀ ਕਦੀ ਵਕੀਲ ਮੁੜ ਕੇ ਜੱਜ ਜਾਂ ਕੋਰਟਰੂਮ ਵਿੱਚ ਹੋਰ ਵਿਅਕਤੀਆਂ ਨਾਲ ਗਲ ਕਰਦੇ ਹਨ।

- ਕਦ ਕਦੀ ਜੱਜ ਕੈਮਰੇ ਨੂੰ ਸਵਿੱਚ ਆਫ਼ ਕਰ ਦਿੰਦਾ ਹੈ, ਤਾਂ ਜੋ ਉਹ ਕਿਸੇ ਕਾਨੂੰਨੀ ਮੁੱਦੇ 'ਤੇ ਵਿਚਾਰ ਵਟਾਂਦਰਾ ਕਰ ਸਕੇ। ਇਹ ਸਭ ਨਾਰਮਲ ਹੈ।

ਜੇ ਟੈਲੀਵਿਯਨ ਜਾਂ ਕੈਮਰਿਆਂ ਦੇ ਸੰਬੰਧ ਵਿੱਚ ਕੋਈ ਸਮੱਸਿਆ ਤੁਹਾਡੀ ਨਜ਼ਰ ਵਿੱਚ ਆਉਂਦੀ ਹੈ ਤਾਂ ਤੁਹਾਨੂੰ ਜੱਜ ਨੂੰ ਦਸਣਾ ਚਾਹੀਦਾ ਹੈ। ਮਿਸਾਲ ਵਜੋਂ:

- ਜੇ ਤੁਸੀਂ ਵਕੀਲ ਦੇ ਚਿਹਰੇ ਜਾਂ ਸਿਰ ਦਾ ਸਿਰਫ਼ ਇਕ ਹਿੱਸਾ ਹੀ ਵੇਖ ਸਕਦੇ ਹੋ;
- ਜਾਂ ਜੇ ਤੁਹਾਨੂੰ ਵਕੀਲ ਵਲੋਂ ਪੁਛੇ ਜਾਂਦੇ ਸਵਾਲ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦੇ।

ਜੇ ਕੋਰਟ ਦੀ ਬਿਲਡਿੰਗ ਵਿੱਚ ਤੁਹਾਡੇ ਨਾਂਹ ਜਾ ਸਕਣ ਦਾ ਕੋਈ ਖ਼ਾਸ ਕਾਰਨ ਹੋਵੇ, ਤਾਂ ਤੁਸੀਂ ਕੋਰਟ ਤੋਂ ਪਰ੍ਹਾਂ ਕਿਸੇ ਹੋਰ ਇਮਾਰਤ ਦੇ ਇਕ ਕਮਰੇ ਵਿੱਚ ਟੈਲੀਵਿਯਨ ਲਿੰਕ ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਇਸ ਲਈ ਕਹਿ ਸਕਦੇ ਹੋ।

# ਸਕ੍ਰੀਨ ਦੀ ਵਰਤੋਂ

ਕੁਝ ਲੋਕ ਕੋਰਟ ਰੂਮ ਵਿੱਚ ਜਾ ਕੇ ਗਵਾਹੀ ਦੇਣ ਨੂੰ ਤਰਜੀਹ ਦਿੰਦੇ ਹਨ। ਤੁਸੀਂ ਗਵਾਹੀ ਦੇਣ ਲਈ ਸਕ੍ਰੀਨ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਨੂੰ ਕੋਰਟ ਰੂਮ ਵਿੱਚ ਕਿਸੇ ਖ਼ਾਸ ਵਿਅਕਤੀ ਨੂੰ ਵੇਖਣ ਸੰਬੰਧੀ ਚਿੰਤਾ ਹੈ, ਤਾਂ ਇਸ ਢੰਗ ਨਾਲ ਤੁਹਾਨੂੰ ਸਹਾਇਤਾ ਮਿਲੇਗੀ।

ਕੋਰਟ ਰੂਮ ਵਿੱਚ ਇਕ ਸਕ੍ਰੀਨ ਲਾਈ ਜਾ ਸਕਦੀ ਹੈ, ਤਾਂ ਜੋ ਉਹ ਵਿਅਕਤੀ ਤੁਹਾਨੂੰ ਵਿਖਾਈ ਨਾਂਹ ਦੇਵੇ। ਸਕ੍ਰੀਨ ਪਰਦੇ ਵਾਂਗ ਕਮਰੇ ਨੂੰ ਦੋ ਹਿਸਿਆਂ ਵਿੱਚ ਵੰਡ ਦਿੰਦੀ ਹੈ।

ਤੁਹਾਨੂੰ ਉਹ ਵਿਅਕਤੀ ਵਿਖਾਈ ਨਹੀਂ ਦੇਵੇਗਾ, ਪਰ ਤੁਸੀਂ ਜੱਜ, ਪ੍ਰੋਕਿਉਰੇਟਰ ਫ਼ਿਸਕਲ, ਵਕੀਲਾਂ, ਜਿਊਰੀ ਅਤੇ ਕੋਰਟ ਦੇ ਹੋਰ ਸਟਾਫ਼ ਨੂੰ ਵੇਖ ਸਕਦੇ ਹੋ।

ਸਕ੍ਰੀਨ ਦੇ ਨਾਲ ਆਮ ਕਰਕੇ ਕੈਮਰੇ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਸਕ੍ਰੀਨ ਦੇ ਦੂਜੇ ਪਾਸੇ ਵਲ ਦਾ ਹਰ ਵਿਅਕਤੀ, ਸਮੇਤ ਦੋਸ਼ੀ ਦੇ, ਤੁਹਾਨੂੰ ਦੇਖ ਸਕੇ।

# ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

ਤੁਸੀਂ ਇਕ 'ਸਮਰਥਨ ਦੇਣ ਵਾਲਾ ਵਿਅਕਤੀ' ਵੀ ਆਪਣੇ ਨਾਲ ਰਖ ਸਕਦੇ ਹੋ ਅਤੇ ਨਾਲ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਕਰ ਸਕਦੇ ਹੋ। ਕੁਝ ਨੌਜਵਾਨਾਂ ਨੂੰ ਇਸ ਗਲ ਨਾਲ ਰਾਹਤ ਮਿਲਦੀ ਹੈ ਕਿ ਸਮਰਥਨ ਦੇਣ ਵਾਲਾ ਇਕ ਬਾਲਗ਼ ਵਿਅਕਤੀ ਕੋਰਟ ਵਿੱਚ, ਕੋਰਟ ਰੂਮ ਵਿੱਚ ਜਾਂ ਟੈਲੀਵਿਯਨ ਲਿੰਕ ਵਾਲੇ ਕਮਰੇ ਵਿੱਚ ਪੂਰਾ ਸਮਾਂ ਉਨ੍ਹਾਂ ਦੇ ਨਾਲ ਬੈਠੇ।

ਕੋਰਟ ਪੁਛੇਗੀ ਕਿ ਕੀ ਤੁਸੀਂ ਇਹ ਸਹੂਲਤ ਚਾਹੁੰਦੇ ਹੋ ਅਤੇ ਤੁਹਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਬੈਠਣ ਲਈ ਸਭ ਤੋਂ ਚੰਗਾ ਵਿਅਕਤੀ ਕੌਣ ਹੋ ਸਕਦਾ ਹੈ। ਤੁਹਾਡਾ ਇਹ ਸਮਰਥਨ ਵਿਟਨੈੱਸ ਸੇਵਾ ਤੋਂ, ਕਿਸੇ ਹੋਰ ਸੰਗਠਨ ਤੋਂ, ਕੋਈ ਅਧਿਆਪਕ, ਸੋਸ਼ਲ ਵਰਕਰ ਜਾਂ ਕੋਈ ਰਿਸ਼ਤੇਦਾਰ ਹੋ ਸਕਦਾ ਹੈ।

ਜੇ ਤੁਸੀਂ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਨਹੀਂ ਚਾਹੁੰਦੇ, ਤਾਂ ਫਿਰ ਵੀ ਤੁਸੀਂ ਮੰਗ ਕਰ ਸਕਦੇ ਹੋ ਕਿ ਕੋਰਟ ਵਿੱਚ ਸਮਰਥਨ ਲਈ ਇਕ ਵਿਅਕਤੀ ਤੁਹਾਡੇ ਨਾਲ ਬੈਠੇ।

# ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਹੋਰ ਵਿਸ਼ੇਸ਼ ਢੰਗ

ਪੂਰਵ ਬਿਆਨ

ਜਦੋਂ ਤੁਸੀਂ ਪੁਲੀਸ ਜਾਂ ਵਕੀਲਾਂ ਨਾਲ ਗਲ ਕੀਤੀ ਸੀ, ਤਾਂ ਹੋ ਸਕਦਾ ਹੈ ਕਿ ਉਸ ਵੇਲੇ ਵੀਡੀਓ ਜਾਂ ਟੇਪ ਰਿਕਾਰਡਿੰਗ ਕੀਤੀ ਗਈ ਹੋਵੇ। ਤੁਸੀਂ ਜੋ ਗਲਾਂ ਕਹੀਆਂ, ਹੋ ਸਕਦਾ ਹੈ ਕਿ ਪੁਲੀਸ ਨੇ ਉਹ ਨੋਟ ਕਰ ਲਈਆਂ ਹੋਣ। ਇਨ੍ਹਾਂ ਸਾਰਿਆਂ ਨੂੰ ਪੂਰਵ ਬਿਆਨ ਕਿਹਾ ਜਾਂਦਾ ਹੈ।
ਵੀਡੀਓ ਜਾਂ ਟੇਪ ਕੋਰਟ ਵਿੱਚ ਵਕੀਲਾਂ ਅਤੇ ਹੋਰ ਲੋਕਾਂ ਨੂੰ ਵਿਖਾਈ ਜਾਂ ਸੁਣਾਈ ਜਾ ਸਕਦੀ ਹੈ ਜਾਂ ਨੋਟ ਪੜ੍ਹਕੇ ਸੁਣਾਏ ਜਾ ਸਕਦੇ ਹਨ।

ਜੇ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਇਨ੍ਹਾਂ ਨੂੰ ਵੇਖਣ ਜਾਂ ਸੁਣਨ ਲਈ ਕਿਹਾ ਜਾ ਸਕਦਾ ਹੈ। ਫਿਰ ਤੁਹਾਡੇ ਵਲੋਂ ਕਹੀਆਂ ਗਈਆਂ ਗਲਾਂ ਬਾਰੇ ਤੁਹਾਨੂੰ ਸਵਾਲ ਪੁਛੇ ਜਾ ਸਕਦੇ ਹਨ।

ਕਮਿਸ਼ਨਾਂ 'ਤੇ ਗਵਾਹੀ

ਨਵੰਬਰ 2005 ਤੋਂ, ਕੁਝ ਕੇਸਾਂ ਵਿੱਚ, ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਇਹ ਫ਼ੈਸਲਾ ਕਰ ਸਕਦੇ ਹਨ ਕਿ ਬਾਕੀ ਦਾ ਕੋਰਟ ਕੇਸ ਸ਼ੁਰੂ ਹੋਣ ਤੋਂ ਪਹਿਲਾਂ ਤੁਸੀਂ ਗਵਾਹੀ ਦੇ ਦਿਉ। ਅਜਿਹਾ ਕਰਨ ਵਿੱਚ ਫ਼ਾਇਦਾ ਹੈ, ਜੇ ਕੋਰਟ ਕੇਸ ਵਿੱਚ ਕਾਫ਼ੀ ਢਿਲ ਪੈਣ ਵਾਲੀ ਹੋਵੇ। ਜੇ ਉਹ ਅਜਿਹਾ ਕਰਨਾ ਚਾਹੁੰਦੇ ਹਨ, ਤਾਂ ਉਹ ਤੁਹਾਡੇ ਨਾਲ ਗਲ ਕਰਨਗੇ ਅਤੇ ਸਮਝਾਉਣਗੇ ਕਿ ਇਸਦਾ ਕੀ ਮਤਲਬ ਹੈ ਅਤੇ ਇਸ ਤੋਂ ਤੁਹਾਨੂੰ ਕਿਵੇਂ ਮਦਦ ਮਿਲ ਸਕਦੀ ਹੈ।

ਹੋਰ ਗਲਾਂ ਜਿਨ੍ਹਾਂ ਤੋਂ ਤੁਹਾਨੂੰ ਮਦਦ ਮਿਲ ਸਕਦੀ ਹੈ

ਕੋਰਟ ਵਿੱਚ ਕੁਝ ਵਿਅਕਤੀ ਆਮ ਕਰਕੇ ਵਿਗ ਪਾਉਂਦੇ ਹਨ ਅਤੇ ਆਪਣੇ ਕਪੜਿਆਂ ਉਪਰ ਗਾਉਨ ਪਹਿਨਦੇ ਹਨ। ਜਦੋਂ ਇਕ ਨੌਜਵਾਨ ਵਿਅਕਤੀ ਗਵਾਹੀ ਦਿੰਦਾ ਹੈ, ਤਾਂ ਜੱਜ ਅਤੇ ਵਕੀਲਾਂ ਨੂੰ ਇਹ ਚੀਜ਼ਾਂ ਉਤਾਰ ਦੇਣ ਲਈ ਕਿਹਾ ਜਾ ਸਕਦਾ ਹੈ। ਜੇ ਤੁਸੀਂ ਨਹੀਂ ਚਾਹੁੰਦੇ ਕਿ ਉਹ ਵਿਗ ਅਤੇ ਗਾਉਨ ਪਹਿਨਣ, ਤਾਂ ਕਿਸੇ ਨਾਲ ਗਲ ਕਰੋ।

ਕੋਰਟਾਂ ਆਮ ਕਰਕੇ ਸਾਰੇ ਆਮ ਲੋਕਾਂ ਲਈ ਖੁਲ੍ਹੀਆਂ ਹੁੰਦੀਆਂ ਹਨ। ਪਰ ਕਦੀ ਕਦੀ ਜੱਜ ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਸਮੇਂ ਆਮ ਲੋਕਾਂ ਨੂੰ ਕੋਰਟ ਤੋਂ ਬਾਹਰ ਚਲੇ ਜਾਣ ਦਾ ਆਦੇਸ਼ ਦੇ ਸਕਦਾ ਹੈ। ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਨੂੰ ਇਹ ਗਲ ਕਹਿ ਦੇਣੀ ਚਾਹੀਦੀ ਹੈ।

# ਕਿਸੇ ਵਿਸ਼ੇਸ਼ ਢੰਗ ਦੀ ਚੋਣ

ਕੋਰਟ ਨੂੰ, ਗਵਾਹੀ ਦੇਣ ਲਈ ਤੁਹਾਡੇ ਆਉਣ ਤੋਂ ਪਹਿਲਾਂ ਇਹ ਦਸਣਾ ਜ਼ਰੂਰੀ ਹੈ, ਕਿ ਤੁਸੀਂ ਕਿਹੜਾ ਵਿਸ਼ੇਸ਼ ਢੰਗ ਵਰਤਣ ਨੂੰ ਤਰਜੀਹ ਦਿਉਗੇ।

ਇਹ ਸੱਚਮੁੱਚ ਜ਼ਰੂਰੀ ਹੈ ਕਿ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਨੂੰ ਇਹ ਦਸੋ ਕਿ ਤੁਸੀਂ ਗਵਾਹ ਬਣਨ ਬਾਰੇ ਕੀ ਸੋਚਦੇ ਹੋ, ਅਤੇ ਤੁਹਾਨੂੰ ਕਿਨ੍ਹਾਂ ਗਲਾਂ ਦੀ ਚਿੰਤਾ ਹੋ ਸਕਦੀ ਹੈ।

ਫਿਰ ਉਹ ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਦੇ ਸਕਣਗੇ ਕਿ ਕਿਹੜੇ ਵਿਸ਼ੇਸ਼ ਢੰਗ ਤੁਹਾਡੇ ਲਈ ਸਭ ਤੋਂ ਚੰਗੇ ਹੋਣਗੇ। ਤੁਸੀਂ ਇਹ ਪੁਸਤਿਕਾ ਪੜ੍ਹ ਕੇ ਕੁਝ ਵਿਚਾਰ ਬਣਾ ਸਕਦੇ ਹੋ ਕਿ ਤੁਸੀਂ ਕਿਹੜੇ ਢੰਗ ਦੀ ਵਰਤੋਂ ਕਰਨਾ ਚਾਹੋਗੇ।

ਹੋ ਸਕਦਾ ਹੈ ਕਿ ਤੁਸੀਂ ਕਿਸੇ ਵਧੀਕ ਸਮਰਥਨ ਤੋਂ ਬਿਨਾਂ ਗਵਾਹੀ ਦੇਣਾ ਪਸੰਦ ਕਰੋ। ਹੋ ਸਕਦਾ ਹੈ ਕਿ ਤੁਸੀਂ ਟੈਲੀਵਿਯਨ ਲਿੰਕ ਜਾਂ ਸਕ੍ਰੀਨ ਦੀ ਵਰਤੋਂ ਨਾਂਹ ਕਰਨੀ ਚਾਹੋ।

ਤੁਹਾਨੂੰ ਇਸ ਬਾਰੇ ਬੜੇ ਧਿਆਨ ਨਾਲ ਸੋਚ ਵਿਚਾਰ ਕਰਨੀ ਚਾਹੀਦੀ ਹੈ ਅਤੇ ਇਹ ਪੂਰੀ ਤਰ੍ਹਾਂ ਸਮਝਣ ਲਈ ਕਿ ਇਹ ਸਭ ਕਿਸਤਰ੍ਹਾਂ ਦਾ ਹੋਵੇਗਾ, ਹੋਰ ਜਾਣਕਾਰੀ ਦੀ ਮੰਗ ਕਰਨੀ ਚਾਹੀਦੀ ਹੈ।

ਯਾਦ ਰਖੋ, ਕੋਰਟ ਆਸ ਕਰਦੀ ਹੈ ਕਿ ਸਾਰੇ ਨੌਜਵਾਨਾਂ ਨੂੰ ਕੁਝ ਨਾਂਹ ਕੁਝ ਮਦਦ ਚਾਹੀਦੀ ਹੈ।

ਕੋਰਟ ਦੀ ਤਾਰੀਖ਼ ਨੇੜੇ ਆਉਣ 'ਤੇ ਹੋ ਸਕਦਾ ਹੈ ਕਿ ਤੁਸੀਂ ਗਵਾਹੀ ਦੇਣ ਦੇ ਇਕ ਵਖਰੇ ਢੰਗ ਨੂੰ ਤਰਜੀਹ ਦੇਣ ਦਾ ਫ਼ੈਸਲਾ ਕਰੋ। ਪ੍ਰੋਕਿਉਰੇਟਰ ਫ਼ਿਸਕਲ, VIA ਜਾਂ ਵਕੀਲ ਨੂੰ ਦਸੋ ਅਤੇ ਉਹ ਇਸ ਬਾਰੇ ਵਿਚਾਰ ਕਰਨਗੇ ਕਿ ਇਸ ਸਿਲਸਿਲੇ ਵਿੱਚ ਕੀ ਕੀਤਾ ਜਾ ਸਕਦਾ ਹੈ।

# ਕੋਰਟ ਦੀ ਫੇਰੀ

ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਕਦੀ ਕੋਰਟ ਵਿੱਚ ਨਾਂਹ ਗਏ ਹੋਵੋ।

ਬਹੁਤੇ ਨੌਜਵਾਨ ਗਵਾਹ ਬਣਨ ਬਾਰੇ ਵਧੇਰੇ ਸਹਿਜ ਮਹਿਸੂਸ ਕਰਨਗੇ, ਜੇਕਰ ਉਨ੍ਹਾਂ ਨੂੰ ਪਤਾ ਹੋਵੇ ਕਿ ਉਥੇ ਸਭ ਕੁਝ ਕਿਸਤਰ੍ਹਾਂ ਦਾ ਹੈ ਅਤੇ ਉਹ ਪਹਿਲਾਂ ਜਾ ਕੇ ਕੋਰਟ ਵੇਖ ਆਏ ਹੋਣ।

ਇਹ ਸਚ ਹੀ ਇਕ ਚੰਗਾ ਵਿਚਾਰ ਹੈ। ਤੁਸੀਂ ਚੁਫੇਰੇ ਨਜ਼ਰ ਮਾਰ ਸਕਦੇ ਹੋ, ਕੋਰਟ ਦੇ ਸਟਾਫ਼ ਦੇ ਕੁਝ ਮੈਂਬਰਾਂ ਨੂੰ ਮਿਲ ਸਕਦੇ ਹੋ, ਅਤੇ ਜੇ ਤੁਸੀਂ ਚਾਹੋ ਤਾਂ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਦਾ ਅਭਿਆਸ ਕਰ ਸਕਦੇ ਹੋ। ਜੇ ਤੁਸੀਂ ਕਿਸੇ ਹੋਰ ਥਾਂ ਤੋਂ ਗਵਾਹੀ ਦੇਣੀ ਹੋਵੇ ਤਾਂ ਤੁਹਾਨੂੰ ਸਗੋਂ ਉਸ ਥਾਂ ਦੀ ਫੇਰੀ ਲਈ ਪ੍ਰਬੰਧ ਕਰਨਾ ਚਾਹੀਦਾ ਹੈ।

VIA, ਤੁਹਾਡੀ ਕੋਰਟ ਦੀ ਫੇਰੀ ਦਾ ਪ੍ਰਬੰਧ ਕਰੇਗੀ ਜਾਂ ਤੁਸੀਂ ਵਕੀਲ ਨਾਲ ਗਲ ਕਰ ਸਕਦੇ ਹੋ। ਵਿਟਨੈਸ ਸਰਵਿਸ ਤੁਹਾਨੂੰ ਕੋਰਟ ਵਿਖਾਉਣ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿੱਚ ਮਦਦ ਕਰੇਗੀ।

ਤੁਸੀਂ ਸੀਡੀ-ਰੱਮ 'ਤੇ ਇਕ 'ਵਾਸਤਵਿਕ' ਕੋਰਟ ਰੂਮ 'ਤੇ ਨਜ਼ਰ ਵੀ ਮਾਰ ਸਕਦੇ ਹੋ।

# ਗਵਾਹ ਬਣਨ ਦੀ ਉਡੀਕ ਵਿੱਚ

ਕੋਰਟਾਂ ਰੁਝੇਵੇਂ ਭਰੇ ਸਥਾਨ ਹੁੰਦੇ ਹਨ ਅਤੇ ਕਾਰਵਾਈ ਦੇ ਆਰੰਭ ਲਈ ਸਭ ਕੁਝ ਤਿਆਰ ਬਰ ਤਿਆਰ ਹੋਣ ਤੋਂ ਪਹਿਲਾਂ ਬਹੁਤ ਸਾਰੀ ਵਿਓਂਤਬੰਦੀ ਅਤੇ ਤਿਆਰੀ ਦੀ ਜ਼ਰੂਰਤ ਹੁੰਦੀ ਹੈ। ਜੇ ਤਾਰੀਖ਼ ਮਿਲਣ ਵਿੱਚ ਬਹੁਤ ਸਮਾਂ ਲਗ ਗਿਆ ਹੋਵੇ, ਤਾਂ ਤੁਸੀਂ ਪਹਿਲਾਂ ਹੀ ਕੁਝ ਅੱਕ ਗਏ ਹੋਵੋਗੇ। ਜੇ ਤੁਸੀਂ ਅਜਿਹਾ ਮਹਿਸੂਸ ਕਰ ਰਹੇ ਹੋ, ਤਾਂ ਪ੍ਰੋਕਿਉਰੇਟਰ ਫ਼ਿਸਕਲ, ਵਕੀਲ, VIA ਜਾਂ ਵਿਟਨੈੱਸ ਸਰਵਿਸ ਦੇ ਕਿਸੇ ਵਿਅਕਤੀ ਜਾਂ ਆਪਣੇ ਸੋਸ਼ਲ ਵਰਕਰ, ਜੇ ਤੁਹਾਡਾ ਕੋਈ ਹੈ, ਨੂੰ ਦਸੋ।

ਕਦੀ ਕਦੀ ਹੋ ਸਕਦਾ ਹੈ ਕਿ ਤੁਹਾਨੂੰ ਦਸਿਆ ਜਾਵੇ ਕਿ ਤਾਰੀਖ਼ ਬਦਲ ਗਈ ਹੈ ਜਾਂ ਤੁਸੀਂ ਗਵਾਹੀ ਦੇਣੀ ਸ਼ੁਰੂ ਕਰ ਦਿਉ ਅਤੇ ਤੁਹਾਨੂੰ ਕਿਹਾ ਜਾਵੇ ਕਿ ਤੁਸੀਂ ਕਿਸੇ ਹੋਰ ਦਿਨ ਆ ਕੇ ਇਸਨੂੰ ਖ਼ਤਮ ਕਰੋ।

ਤੁਹਾਨੂੰ ਗਵਾਹੀ ਦੇਣ ਲਈ ਆਪਣੀ ਵਾਰੀ ਵਾਸਤੇ ਕੁਝ ਚਿਰ ਉਡੀਕ ਕਰਨੀ ਪੈ ਸਕਦੀ ਹੈ। ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਇਹ ਯਕੀਨੀ ਬਣਾਉਣ ਦਾ ਜਤਨ ਕਰੇਗਾ ਕਿ ਤੁਹਾਨੂੰ ਬਹੁਤਾ ਚਿਰ ਇੰਤਜ਼ਾਰ ਨਾਂਹ ਕਰਨੀ ਪਵੇ, ਪਰ ਇਹ ਚੰਗਾ ਹੋਏਗਾ ਕਿ ਤੁਸੀਂ ਵਕਤ ਬਿਤਾਉਣ ਲਈ ਆਪਣੇ ਨਾਲ ਕੁਝ ਲੈ ਕੇ ਆਉ। ਬਹੁਤੀਆਂ ਕੋਰਟਾਂ ਵਿੱਚ ਕੁਝ ਕਿਤਾਬਾਂ ਜਾਂ ਮੈਗਜ਼ੀਨ ਹੁੰਦੇ ਹਨ, ਪਰ ਸੰਭਵ ਤੌਰ ਤੇ ਬਿਹਤਰ ਇਹ ਹੋਵੇਗਾ ਕਿ ਤੁਸੀਂ ਆਪਣੀ ਪਸੰਦ ਦੀ ਚੀਜ਼ ਨਾਲ ਲੈ ਕੇ ਆਉ। ਕੁਝ ਕੋਰਟਾਂ ਵਿੱਚ ਤੁਸੀਂ ਖਾਣ ਵਾਸਤੇ ਚੀਜ਼ਾਂ ਖ਼ਰੀਦ ਸਕਦੇ ਹੋ ਅਤੇ ਤੁਹਾਨੂੰ ਜਾਣ ਤੋਂ ਪਹਿਲਾਂ ਇਸ ਗਲ ਦਾ ਪਤਾ ਕਰ ਲੈਣਾ ਚਾਹੀਦਾ ਹੈ। ਨਹੀਂ ਤਾਂ ਆਪਣੇ ਨਾਲ ਕੁਝ ਲੈ ਕੇ ਜਾਣਾ ਚੰਗਾ ਰਹੇਗਾ।

# ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਤੋਂ ਬਾਅਦ ਕੀ ਹੁੰਦਾ ਹੈ?

ਜੱਜ, ਪ੍ਰੋਕਿਉਰੇਟਰ ਫ਼ਿਸਕਲ ਅਤੇ ਕੋਈ ਹੋਰ ਵਕੀਲਾਂ ਵਲੋਂ ਸਵਾਲ ਪੁੱਛੇ ਜਾਣ ਤੋਂ ਬਾਅਦ ਜੱਜ ਤੁਹਾਨੂੰ ਦਸੇਗਾ ਕਿ ਤੁਹਾਡੀ ਗਵਾਹੀ ਖ਼ਤਮ ਹੋ ਗਈ ਹੈ।

ਤੁਸੀਂ ਇਕ ਬੜਾ ਅਹਿਮ ਕੰਮ ਮੁਕਾ ਲਿਆ ਹੋਵੇਗਾ।

ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ ਅਤੇ ਤੁਹਾਡਾ ਧੰਨਵਾਦ।

ਹੋ ਸਕਦਾ ਹੈ ਕਿ ਜੱਜ ਜਾਂ ਜਿਊਰੀ ਫ਼ੌਰਨ ਫ਼ੈਸਲੇ 'ਤੇ ਨਾਂਹ ਪਹੁੰਚ ਸਕਣ, ਕਿਉਂਕਿ ਹੋਰ ਗਵਾਹ ਵੀ ਹੋ ਸਕਦੇ ਹਨ। ਕਈ ਅਦਾਲਤੀ ਮੁਕੱਦਮਿਆਂ 'ਤੇ ਕਈ ਦਿਨ ਜਾਂ ਇਸਤੋਂ ਵੀ ਵਧ ਸਮਾਂ ਲਗ ਸਕਦਾ ਹੈ।

ਜੇ ਜੱਜ ਜਾਂ ਜਿਊਰੀ ਨੂੰ ਪੱਕਾ ਯਕੀਨ ਹੋ ਜਾਵੇ ਕਿ ਦੋਸ਼ੀ ਨੇ ਕਾਨੂੰਨ ਭੰਗ ਕੀਤਾ ਹੈ, ਤਾਂ ਉਹ ਫ਼ੈਸਲਾ ਕਰਨਗੇ ਕਿ ਉਹ ਕਸੂਰਵਾਰ ਹੈ। ਜੱਜ ਨੂੰ ਉਸਨੂੰ ਕੋਈ ਸਜ਼ਾ ਦੇਣ ਬਾਰੇ ਫ਼ੈਸਲਾ ਕਰਨਾ ਹੋਵੇਗਾ।

ਜੇ ਜੱਜ ਜਾਂ ਜਿਊਰੀ ਨੂੰ ਪੱਕਾ ਯਕੀਨ ਨਹੀਂ ਹੁੰਦਾ, ਕਿ ਕੀ ਕਿਸੇ ਨੇ ਕਾਨੂੰਨ ਭੰਗ ਕੀਤਾ ਹੈ, ਤਾਂ ਉਹ ਕਹਿਣਗੇ, ਕਿ ਦੋਸ਼ੀ ਕਸੂਰਵਾਰ ਨਹੀਂ ਹੈ ਜਾਂ ਕੇਸ ਸਾਬਤ ਨਹੀਂ ਹੋਇਆ। ਫਿਰ ਜੱਜ ਦੋਸ਼ੀ ਨੂੰ ਦਸੇਗਾ, ਕਿ ਉਸਨੂੰ ਉਥੋਂ ਜਾਣ ਦੀ ਖੁਲ੍ਹ ਹੈ।

ਕੋਈ ਨਾਂਹ ਕੋਈ ਤੁਹਾਨੂੰ ਦਸੇਗਾ ਕਿ ਕੋਰਟ ਨੇ ਕੀ ਫ਼ੈਸਲਾ ਕੀਤਾ ਹੈ। ਜੇ ਤੁਹਾਨੂੰ ਨਤੀਜੇ ਬਾਰੇ ਪੱਕਾ ਪਤਾ ਨਹੀਂ ਜਾਂ ਇਹ ਤੁਹਾਨੂੰ ਪੂਰੀ ਤਰ੍ਹਾਂ ਸਮਝ ਨਹੀਂ ਆਇਆ ਤਾਂ ਤੁਹਾਨੂੰ VIA ਜਾਂ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਨਾਲ ਗਲ ਕਰਨ ਦੀ ਮੰਗ ਕਰਨੀ ਚਾਹੀਦੀ ਹੈ, ਤਾਂ ਜੇ ਉਹ ਤੁਹਾਨੂੰ ਨਤੀਜਾ ਸਪੱਸ਼ਟ ਕਰਕੇ ਦਸ ਸਕਣ।

ਨਤੀਜਾ ਜੋ ਵੀ ਹੋਵੇ, ਯਾਦ ਰਖੋ ਕਿ ਇਕ ਗਵਾਹ ਵਜੋਂ ਤੁਹਾਡਾ ਕੰਮ, ਕੇਸ ਦਾ ਇਕ ਬੜਾ ਅਹਿਮ ਹਿੱਸਾ ਸੀ।

# ਸਹਾਇਤਾ ਦੀ ਮੰਗ ਕਰਨਾ ਯਾਦ ਰਖੋ

ਕੇਸ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ, **VIA**, ਵਿਟਨੈੱਸ ਸਰਵਿਸ (ਗਵਾਹ ਸੇਵਾ) ਜਾਂ ਵਕੀਲ ਕੋਲੋਂ ਕੋਈ ਵੀ ਅਜਿਹੀ ਗਲ ਪੁਛ ਲੈਣੀ ਚਾਹੀਦੀ ਹੈ, ਜਿਸ ਬਾਰੇ ਤੁਹਾਨੂੰ ਪੱਕਾ ਪਤਾ ਨਾਂਹ ਹੋਵੇ।

ਤੁਹਾਨੂੰ ਹਮੇਸ਼ਾ ਉਨ੍ਹਾਂ ਨੂੰ ਉਹ ਗਲ ਦਸ ਦੇਣੀ ਚਾਹੀਦੀ ਹੈ, ਜਿਸ ਤੋਂ ਤੁਸੀਂ ਚਿੰਤਾਤੁਰ ਹੋਵੋ। ਉਨ੍ਹਾਂ ਨੂੰ ਦਸੋ ਕਿ ਕੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ।

ਤੁਹਾਨੂੰ ਇਹ ਪੱਕ ਕਰਨਾ ਚਾਹੀਦਾ ਹੈ, ਕਿ ਤੁਹਾਨੂੰ ਕੋਰਟਰੂਮ ਜਾਂ ਕੋਈ ਹੋਰ ਟੈਲੀਵਿਯਨ ਲਿੰਕ ਕਮਰਾ ਵੇਖਣ ਦਾ ਮੌਕਾ ਮਿਲੇ।

ਤੁਹਾਨੂੰ ਇਨ੍ਹਾਂ ਗਲਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ:

- ਤੁਸੀਂ ਕਿਹੜੇ ਵਿਸ਼ੇਸ਼ ਢੰਗਾਂ ਦੀ ਵਰਤੋਂ ਨੂੰ ਤਰਜੀਹ ਦਿੰਦੇ ਹੋ
- ਤੁਸੀਂ ਆਪਣੇ ਨਾਲ ਕੀ ਲੈ ਕੇ ਜਾਣਾ ਚਾਹੁੰਦੇ ਹੋ
- ਤੁਹਾਡੇ ਨਾਲ ਕੌਣ ਜਾਏਗਾ
- ਤੁਹਾਡਾ ਸਮਰਥਨ ਕਰਨ ਵਾਲਾ ਵਿਅਕਤੀ ਕੌਣ ਹੋਵੇਗਾ
- ਤੁਹਾਨੂੰ ਹੋਰ ਕਿਸ ਸਹਾਇਤਾ ਦੀ ਲੋੜ ਹੋ ਸਕਦੀ ਹੈ

ਜਦੋਂ ਤੁਸੀਂ ਗਵਾਹੀ ਦੇ ਰਹੇ ਹੋਵੋ, ਜੇ ਤੁਹਾਨੂੰ ਕਿਸੇ ਮਦਦ ਦੀ ਜ਼ਰੂਰਤ ਹੋਵੇ, ਤਾਂ ਤੁਹਾਨੂੰ ਕੋਰਟ ਵਿੱਚ ਵਿਅਕਤੀਆਂ ਨੂੰ ਦਸਣਾ ਚਾਹੀਦਾ ਹੈ।

ਤੁਹਾਨੂੰ ਕੋਰਟ ਦੇ ਵਿਅਕਤੀਆਂ ਨੂੰ ਦਸਣਾ ਚਾਹੀਦਾ ਹੈ ਜੇ:

- ਤੁਹਾਨੂੰ ਕੋਈ ਗਲ ਸਮਝ ਨਹੀਂ ਆਉਂਦੀ
- ਤੁਹਾਨੂੰ ਟਿਸ਼ੂ ਜਾਂ ਪੀਣ ਲਈ ਪਾਣੀ ਚਾਹੀਦਾ ਹੈ
- ਤੁਸੀਂ ਅਸਵਸਥ ਜਾਂ ਥਕਾਵਟ ਮਹਿਸੂਸ ਕਰਨ ਲਗ ਪੈਂਦੇ ਹੋ

ਹਰ ਕੋਈ ਤੁਹਾਡੀ ਜਿੰਨੀ ਵੀ ਮਦਦ ਹੋ ਸਕੇ, ਕਰਨ ਦੀ ਕੋਸ਼ਿਸ਼ ਕਰੇਗਾ।

# ਸਵਾਲ

ਚੰਗਾ ਤਾਂ ਇਹ ਹੈ ਕਿ ਜੇ ਤੁਸੀਂ ਗਵਾਹ ਬਣਨ ਦੇ ਸੰਬੰਧ ਵਿੱਚ ਕੋਈ ਸਵਾਲ ਪੁਛਣੇ ਚਾਹੋ, ਤਾਂ ਉਨ੍ਹਾਂ ਨੂੰ ਲਿਖ ਲਉ, ਤਾਂ ਜੋ ਇਨ੍ਹਾਂ ਨੂੰ ਪ੍ਰੋਕਿਉਰੇਟਰ ਫ਼ਿਸਕਲ, VIA ਜਾਂ ਵਕੀਲ ਜਾਂ ਉਸ ਵਿਅਕਤੀ ਨੂੰ ਵਿਖਾ ਸਕੋ, ਜੋ ਤੁਹਾਨੂੰ ਕੋਰਟ ਦਾ ਚੱਕਰ ਲਗਵਾ ਕੇ ਵਖ ਵਖ ਥਾਵਾਂ ਵਿਖਾਉਂਦਾ ਹੈ।

ਹੇਠਾਂ ਲਿਖੀਆਂ ਗਲਾਂ ਬਾਰੇ ਸੋਚੋ ਅਤੇ ਜਵਾਬ ਦੇਣ ਦੀ ਕੋਸ਼ਿਸ਼ ਕਰੋ:

| ਸਵਾਲ? | ਜਵਾਬ |
|---|---|
| ਮੈਂ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਨੂੰ ਕਿਸ ਥਾਂ 'ਤੇ ਮਿਲਣਾ ਚਾਹੁੰਦਾ ਹਾਂ? | |
| ਜਦ ਮੈਂ ਪ੍ਰੋਕਿਉਰੇਟਰ ਫ਼ਿਸਕਲ ਜਾਂ ਵਕੀਲ ਨੂੰ ਮਿਲਾਂ, ਤਾਂ ਮੈਂ ਕੀ ਚਾਹੁੰਦਾ ਹਾਂ ਕਿ ਮੇਰੇ ਨਾਲ ਕੌਣ ਹੋਵੇ? | |
| ਕੀ ਮੈਂ ਸਕ੍ਰੀਨ ਦੀ ਵਰਤੋਂ ਕਰਨੀ ਚਾਹੁੰਦਾ ਹਾਂ ਜਾਂ ਟੀਵੀ ਲਿੰਕ ਦੀ? | |
| ਕੀ ਮੈਂ ਚਾਹੁੰਦਾ ਹਾਂ ਕਿ ਮੇਰੇ ਨਾਲ ਸਮਰਥਨ ਲਈ ਇਕ ਵਿਅਕਤੀ ਹੋਵੇ? | |
| ਕੌਣ ਮੇਰਾ ਸਮਰਥਨ ਵਿਅਕਤੀ ਹੋ ਸਕਦਾ ਹੈ? | |
| ਮੈਨੂੰ ਕਿੰਨ੍ਹਾਂ ਗਲਾਂ ਦੀ ਚਿੰਤਾ ਹੈ? | |
| ਕੀ ਮੈਂ ਕੋਰਟ ਵੇਖਣ ਲਈ ਜਾਣਾ ਚਾਹੁੰਦਾ ਹਾਂ? | |
| ਮੈਂ ਜੱਜ ਨੂੰ ਕਿਵੇਂ ਸੰਬੋਧਨ ਕਰਾਂਗਾ? | |

# ਕੀ ਤੁਹਾਡੇ ਕੋਈ ਹੋਰ ਸਵਾਲ ਹਨ?

| ਸਵਾਲ? | ਜਵਾਬ |
|---|---|
| | |
| | |
| | |
| | |
| | |

ਪ੍ਰੋਕਿਊਰੇਟਰ ਫ਼ਿਸਕਲ, VIA ਜਾਂ ਵਕੀਲ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦੇਣ ਦਾ ਜਤਨ ਕਰਨਗੇ।

ਸਾਡੀ ਨਿਆਂ ਪ੍ਰਣਾਲੀ ਗਵਾਹਾਂ 'ਤੇ ਭਰੋਸਾ ਕਰਦੀ ਹੈ ਕਿ ਉਹ ਕੋਰਟ ਵਿੱਚ ਆਉਣਗੇ ਅਤੇ ਉਹ ਸਭ ਕੁਝ ਸੱਚ ਬਿਆਨ ਕਰਨਗੇ, ਜੋ ਉਹ ਜਾਣਦੇ ਹਨ।

ਗਵਾਹਾਂ ਤੋਂ ਬਿਨਾਂ ਕੋਰਟਾਂ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦੀਆਂ।

ਯਾਦ ਰਖੋ ਹਰ ਗਵਾਹ ਪੂਰੇ ਕੇਸ ਦਾ ਸਿਰਫ਼ ਇਕ ਹਿੱਸਾ ਹੁੰਦਾ ਹੈ।

ਜਦੋਂ ਤੁਸੀਂ ਇਕ ਗਵਾਹ ਹੁੰਦੇ ਹੋ ਤਾਂ ਤੁਸੀਂ ਇਸ ਗਲ ਲਈ ਜ਼ਿਮੇਵਾਰ ਨਹੀਂ ਕਿ ਕੋਰਟ ਕੀ ਕਰਨ ਦਾ ਫ਼ੈਸਲਾ ਕਰਦੀ ਹੈ।

ਗਵਾਹ ਬਣਨ ਲਈ ਤੁਹਾਡਾ ਧੰਨਵਾਦ।

# ਗਲਾਸਰੀ - ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹਨ?

ਕੋਰਟ ਵਿੱਚ ਲੋਕੀ ਅਜਿਹੇ ਸ਼ਬਦ ਵਰਤਦੇ ਹਨ, ਜੋ ਸ਼ਾਇਦ ਤੁਸੀਂ ਪਹਿਲਾਂ ਨਾਂਹ ਸੁਣੇ ਹੋਣ। ਹੇਠਾਂ ਉਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਲਿਸਟ ਦਿਤੀ ਗਈ ਹੈ:

ਦੋਸ਼ੀ: ਉਹ ਵਿਅਕਤੀ ਜਿਸ 'ਤੇ ਮੁਕਦਮਾ ਚਲ ਰਿਹਾ ਹੁੰਦਾ ਹੈ ਅਤੇ ਜਿਸ 'ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਹੁੰਦਾ ਹੈ

ਐਡਵੋਕੇਟ ਡਿਪਿਊਟ: ਇਸਤਗ਼ਾਸੇ ਦਾ ਵਕੀਲ ਜੋ ਹਾਈ ਕੋਰਟ ਵਿੱਚ ਪੇਸ਼ ਹੁੰਦਾ ਹੈ - ਵੇਖੋ ਪ੍ਰੋਕਿਊਰੇਟਰ ਫ਼ਿਸਕਲ

ਇਲਜ਼ਾਮ: ਉਹ ਗਲ ਜੋ ਕਿਸੇ ਵਿਅਕਤੀ ਦੇ ਕਹਿਣ ਅਨੁਸਾਰ ਵਾਪਰੀ ਹੁੰਦੀ ਹੈ

ਦੋਸ਼: ਉਹ ਅਪਰਾਧ ਜਿਸ ਬਦਲੇ ਦੋਸ਼ੀ ਵਿਅਕਤੀ 'ਤੇ ਮੁਕੱਦਮਾ ਚਲਾਇਆ ਜਾਂਦਾ ਹੈ

ਸੰਮਨ: ਸਰਕਾਰੀ ਫ਼ਾਰਮ ਜਾਂ ਪੱਤਰ ਜਿਸ ਵਿੱਚ ਗਵਾਹ ਨੂੰ ਇਕ ਖ਼ਾਸ ਕੋਰਟ ਵਿੱਚ ਇਕ ਨਿਸਚਤ ਤਾਰੀਖ਼ ਨੂੰ ਪੇਸ਼ ਹੋਣ ਲਈ ਕਿਹਾ ਜਾਂਦਾ ਹੈ

ਕਲਰਕ (ਕੋਰਟ ਦਾ): ਉਹ ਵਿਅਕਤੀ ਜੋ ਕੋਰਟ ਦੇ ਕਾਗ਼ਜ਼ ਪਤੱਰ ਅਤੇ ਰਿਕਾਰਡ ਰਖਦਾ ਹੈ

ਅਪਰਾਧ ਕਰਨਾ: ਕਾਨੂੰਨ ਭੰਗ ਕਰਨ ਵਾਂਗ ਹੀ ਹੈ

ਸ਼ਿਕਾਇਤ: ਇਕ ਬਿਆਨ ਜਿਸ ਵਿੱਚ ਕਿਸੇ 'ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਲਾਇਆ ਜਾਂਦਾ ਹੈ - ਇਹ ਇਕ ਕੋਰਟ ਦਸਤਾਵੇਜ਼ ਵੀ ਹੋ ਸਕਦੀ ਹੈ, ਜਿਸ ਵਿੱਚ ਉਹ ਅਪਰਾਧ ਬਿਆਨ ਕੀਤਾ ਗਿਆ ਹੁੰਦਾ ਹੈ, ਜਿਸ ਬਦਲੇ ਦੋਸ਼ੀ 'ਤੇ ਮੁਕੱਦਮਾ ਚਲਾਇਆ ਜਾਂਦਾ ਹੈ।

ਜਿਰ੍ਹਾ: ਜਿਹੜਾ ਵਿਅਕਤੀ ਗਵਾਹ ਨੂੰ ਅਦਾਲਤ ਵਿੱਚ ਬੁਲਾਉਂਦਾ ਹੈ, ਉਸਤੋਂ ਬਾਅਦ ਹੋਰ ਵਕੀਲ (ਵਕੀਲਾਂ) ਵਲੋਂ ਸਵਾਲ ਪੁਛੇ ਜਾਣ ਦੀ ਪ੍ਰਕਿਰਿਆ - ਵੇਖੋ ਐਗਜ਼ੈਮੀਨੇਸ਼ਨ (ਇਨ ਚੀਫ਼)

ਕ੍ਰਾਊਨ ਆਫ਼ਿਸ: ਉਹ ਦਫ਼ਤਰ ਜੋ ਕੋਰਟ ਵਿੱਚ ਕੇਸ ਲਿਆਉਣ ਸੰਬੰਧੀ ਇਨਚਾਰਜ ਹੈ - ਵੇਖੋ ਇਸਤਗ਼ਾਸਾ

ਕੋਰਟ ਕੇਸ: ਕੋਰਟ ਵਿੱਚ ਇਕ ਨਿਸਚਤ ਮੁਕੱਦਮਾ ਜਾਂ ਕਾਰਵਾਈ

ਕੋਰਟ ਆਫ਼ਸਰ (ਜਿਸਨੂੰ ਕਦੀ ਕਦੀ ਮੇਸਰ ਕਿਹਾ ਜਾਂਦਾ ਹੈ): ਉਹ ਵਿਅਕਤੀ ਜੋ ਜੱਜ ਦੀ ਸਹਾਇਤਾ ਕਰਦਾ ਹੈ - ਉਹ ਹਰ ਗਵਾਹ ਨੂੰ ਕੋਰਟ ਵਿੱਚ ਬੁਲਾਉਣ ਦਾ ਕੰਮ ਵੀ ਕਰਦਾ ਹੈ

ਕੋਰਟ ਦੀ ਫੇਰੀ: ਮੁਕਦਮੇ ਤੋਂ ਪਹਿਲਾਂ ਇਕ ਗਵਾਹ ਵਲੋਂ ਇਹ ਵੇਖਣ ਲਈ ਕਿ ਇਹ ਸਥਾਨ ਕਿਸਤਰ੍ਹਾਂ ਦਾ ਹੈ ਅਤੇ ਕੋਰਟ ਦੀ ਕਾਰਜ ਵਿਧੀ ਬਾਰੇ ਹੋਰ ਜਾਣਕਾਰੀ ਲਈ ਕੋਰਟ ਵਿੱਚ ਜਾਣਾ

ਬਚਾਅ ਪੱਖ ਦਾ ਵਕੀਲ/ਬਚਾਅ ਪੱਖ ਦਾ ਕੌਂਸਲ: ਉਹ ਵਕੀਲ ਜੋ ਕੋਰਟ ਵਿੱਚ ਦੋਸ਼ੀ ਦੀ ਨੁਮਾਇੰਦਗੀ ਕਰਦਾ ਹੈ ਅਤੇ ਉਸਦੀ ਮਦਦ ਕਰਦਾ ਹੈ

ਗਵਾਹੀ: ਗਵਾਹ ਕੋਰਟ ਵਿੱਚ ਜੋ ਕੁਝ ਕਹਿੰਦਾ ਹੈ - ਇਹ ਸਬੂਤ ਵੀ ਹੋ ਸਕਦੇ ਹਨ ਜਿਵੇਂ ਕਿ ਫ਼ੋਟੋ, ਕਪੜੇ ਜਾਂ ਡਰਾਇੰਗਾਂ ਜੋ ਕੋਰਟ ਵਿੱਚ ਇਹ ਦਸਣ ਲਈ ਪੇਸ਼ ਕੀਤੇ ਜਾਂਦੇ ਹਨ ਕਿ ਕੀ ਹੋਇਆ ਸੀ।

ਐਗਜ਼ੈਮੀਨੇਸ਼ਨ (ਇਨ ਚੀਫ਼): ਗਵਾਹ ਨੂੰ ਅਦਾਲਤ ਵਿੱਚ ਬੁਲਾਉਣ ਵਾਲੇ ਵਕੀਲ ਵਲੋਂ ਸਵਾਲ ਪੁਛੇ ਜਾਣ ਦੀ ਪ੍ਰਕਿਰਿਆ। ਇਹ ਵਕੀਲ ਕਿਸੇ ਵੀ ਹੋਰ ਵਕੀਲ ਤੋਂ ਪਹਿਲਾਂ ਗਵਾਹ ਕੋਲੋਂ ਸਵਾਲ ਪੁਛਦਾ ਹੈ - ਵੇਖੋ ਜਿਰ੍ਹਾ

ਸ਼ਨਾਖ਼ਤ: ਗਵਾਹ ਵਲੋਂ ਉਹ ਆਦਮੀ ਜਾਂ ਇਸਤਰੀ ਵਲ ਇਸ਼ਾਰਾ ਕੀਤਾ ਜਾਣਾ, ਜਿਸਦਾ ਕਿ ਉਹ ਜ਼ਿਕਰ ਕਰ ਰਿਹਾ ਹੁੰਦਾ ਹੈ - ਕੁਝ ਹਾਲਤਾਂ ਵਿੱਚ ਇਹ ਕੋਰਟ ਕੇਸ ਆਰੰਭ ਹੋਣ ਤੋਂ ਪਹਿਲਾਂ ਹੁੰਦਾ ਹੈ ਜਾਂ ਇਹ ਕੋਰਟ ਵਿੱਚ ਹੋ ਸਕਦਾ ਹੈ

ਦੋਸ਼-ਆਰੋਪਣ ਪਤੱਰ: ਹਾਈ ਕੋਰਟ ਜਾਂ ਸ਼ੈਰਿਫ਼ ਅਤੇ ਜਿਊਰੀ ਕੋਰਟ ਵਿੱਚ ਇਕ ਅਦਾਲਤੀ ਦਸਤਾਵੇਜ਼ - ਇਸ ਵਿੱਚ ਜੁਰਮ ਬਿਆਨ ਕੀਤਾ ਗਿਆ ਹੁੰਦਾ ਹੈ, ਜਿਸ ਵਾਸਤੇ ਦੋਸ਼ੀ 'ਤੇ ਮੁਕੱਦਮਾ ਚਲ ਰਿਹਾ ਹੁੰਦਾ ਹੈ

ਜੱਜ: ਉਹ ਵਿਅਕਤੀ ਜੋ ਮੁਕੱਦਮੇ ਦਾ ਇਨਚਾਰਜ ਹੁੰਦਾ ਹੈ ਅਤੇ ਕੋਰਟ ਰੂਮ ਵਿੱਚ ਹੋਣ ਵਾਲੀ ਹਰ ਕਾਰਵਾਈ 'ਤੇ ਉਸਦਾ ਕੰਟਰੋਲ ਹੁੰਦਾ ਹੈ - ਵੇਖੋ ਸ਼ੈਰਿਫ਼

ਜਿਊਰੀ: 15 ਆਦਮੀ ਅਤੇ ਇਸਤਰੀਆਂ (ਜਿਊਰਰ) ਜੋ ਗਵਾਹੀਆਂ ਸੁਣਦੇ ਹਨ ਅਤੇ ਫ਼ੈਸਲਾ ਕਰਦੇ ਹਨ ਕਿ ਕੀ ਦੋਸ਼ੀ ਕਸੂਰਵਾਰ ਹੈ ਜਾਂ ਨਹੀਂ

ਸਹੁੰ: ਇਹ ਗਵਾਹ ਵਲੋਂ ਕੋਰਟ ਵਿੱਚ ਬਿਆਨ ਦੇਣ ਸਮੇਂ ਚੁਕੀ ਜਾਣ ਵਾਲੀ ਧਾਰਮਕ ਸਹੁੰ ਹੈ ਕਿ ਉਹ ਸੱਚ ਬੋਲੇਗਾ - ਗਵਾਹ ਸਹੁੰ ਚੁਕੇ ਬਿਨਾਂ ਵੀ ਸੱਚ ਬੋਲਣ ਦਾ ਵਚਨ ਦੇ ਸਕਦਾ ਹੈ - ਤੁਸੀਂ ਇਹਦੇ ਲਈ ਕਹਿ ਸਕਦੇ ਹੋ

ਜਵਾਬ (ਪਲੀਅ): ਦੋਸ਼ੀ ਵਲੋਂ ਕੋਰਟ ਵਿੱਚ ਮੁਕੱਦਮਾ ਸ਼ੁਰੂ ਹੋਣ 'ਤੇ ਦਿਤਾ ਜਾਣ ਵਾਲਾ ਜਵਾਬ ਜਦੋਂ ਉਸਨੂੰ ਪੁਛਿਆ ਜਾਂਦਾ ਹੈ ਕਿ ਕੀ ਉਹ ਕਸੂਰਵਾਰ ਹੈ ਜਾਂ ਕਸੂਰਵਾਰ ਨਹੀਂ ਹੈ।

ਪਹਿਲੀ ਸੁਣਵਾਈ: ਗਵਾਹ ਦੀ ਪ੍ਰੋਕਿਉਰੇਟਰ ਫ਼ਿਸਕਲ ਜਾਂ ਬਚਾਅ ਪੱਖ ਦੇ ਵਕੀਲ (ਵਕੀਲਾਂ) ਨਾਲ ਇੰਟਰਵਿਊ, ਜਿਸ ਨਾਲ ਉਨ੍ਹਾਂ ਨੂੰ ਕੋਰਟ ਕੇਸ ਤੋਂ ਪਹਿਲਾਂ ਤਿਆਰੀ ਕਰਨ ਵਿੱਚ ਮਦਦ ਮਿਲਦੀ ਹੈ

ਪ੍ਰੋਕਿਉਰੇਟਰ ਫ਼ਿਸਕਲ: ਉਹ ਵਕੀਲ ਜੋ ਇਸਤਗ਼ਾਸੇ ਲਈ ਕੰਮ ਕਰਦਾ ਹੈ - ਵੇਖੋ ਕ੍ਰਾਉਨ ਆਫ਼ਿਸ। ਉਹ ਕੇਸ ਨੂੰ ਕੋਰਟ ਵਿੱਚ ਪੇਸ਼ ਕਰਨ ਬਾਰੇ ਫ਼ੈਸਲਾ ਕਰਦਾ ਹੈ

ਇਸਤਗ਼ਾਸਾ: ਕਿਸੇ ਵਿਰੁਧ ਕਾਨੂੰਨੀ ਕਾਰਵਾਈ ਕਰਨਾ ਅਤੇ ਕੇਸ ਨੂੰ ਕੋਰਟ ਵਿੱਚ ਪੇਸ਼ ਕਰਨਾ - ਵੇਖੋ ਪ੍ਰੋਕਿਉਰੇਟਰ ਫ਼ਿਸਕਲ ਅਤੇ ਕ੍ਰਾਉਨ ਆਫ਼ਿਸ

ਪ੍ਰੋਡਕਸ਼ਨਜ਼: ਉਹ ਚੀਜ਼ਾਂ ਜੋ ਕੋਰਟ ਵਿੱਚ ਸਬੂਤ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਪਤੱਰ ਜਾਂ ਕਪੜੇ

ਦੰਡ: ਜੱਜ ਦਾ ਫ਼ੈਸਲਾ, ਜੋ ਉਹ ਦੋਸ਼ੀ ਨੂੰ ਕਾਨੂੰਨ ਭੰਗ ਕਰਨ ਦਾ ਅਪਰਾਧੀ ਪਾਏ ਜਾਣ 'ਤੇ ਦਿੰਦਾ ਹੈ - ਇਹ ਦੋਸ਼ੀ ਨੂੰ ਸੁਣਾਈ ਗਈ ਸਜ਼ਾ ਹੋ ਸਕਦੀ ਹੈ

ਸ਼ੈਰਿਫ਼: ਸ਼ੈਰਿਫ਼ ਕੋਰਟ ਵਿੱਚ ਜੱਜ ਦਾ ਨਾਂਅ

# ਗਲਾਸਰੀ - ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹਨ?

ਸੋਸ਼ਲ ਵਰਕਰ: ਉਹ ਵਿਅਕਤੀ ਜੋ ਵਧੀਕ ਸਹਾਇਤਾ ਜਾਂ ਨਿਗਰਾਨੀ ਦੇ ਲੋੜ ਵਾਲੇ ਬੱਚਿਆਂ ਅਤੇ ਬਾਲਗ਼ਾਂ ਨਾਲ ਕੰਮ ਕਰਦਾ ਹੈ

ਵਿਸ਼ੇਸ਼ ਢੰਗ: ਇਕ ਬਾਲ ਗਵਾਹ ਜਾਂ ਕਮਜ਼ੋਰ ਬਾਲਗ਼ ਵਲੋਂ ਗਵਾਹੀ ਦਿਤੇ ਜਾਣ ਵੇਲੇ ਉਨ੍ਹਾਂ ਦੀ ਸਹਾਹਿਤਾ ਦੇ ਵਖ ਵਖ ਤਰੀਕੇ - ਜਿਵੇਂ ਕਿ ਟੈਲੀਵਿਯਨ ਲਿੰਕ ਜਾਂ ਸਕ੍ਰੀਨ - ਵੇਖੋ ਸਮਰਥਨ ਵਿਅਕਤੀ

ਬਿਆਨ: ਗਵਾਹ ਵਲੋਂ ਕਹੀਆਂ ਗਈਆਂ ਗਲਾਂ ਬਾਰੇ ਪੁਲੀਸ ਵਲੋਂ ਦਰਜ ਕੀਤਾ ਜਾਣ ਵਾਲਾ ਬਿਆਨ ਜਾਂ ਰਿਕਾਰਡਿੰਗ

ਸਮਰਥਨ ਵਿਅਕਤੀ: ਉਹ ਵਿਅਕਤੀ ਜੋ ਕੋਰਟ ਵਿੱਚ ਗਵਾਹ ਦੇ ਆਉਣ 'ਤੇ ਉਸ ਨਾਲ ਰਹਿ ਸਕਦਾ ਹੈ - ਵੇਖੋ ਵਿਸ਼ੇਸ਼ ਢੰਗ

ਮੁਕੱਦਮਾ: ਕੋਰਟ ਵਿੱਚ ਕਾਨੂੰਨੀ ਕਾਰਵਾਈ ਜਦੋਂ ਗਵਾਹੀ ਦੇਣ ਲਈ ਗਵਾਹ ਆਉਂਦੇ ਹਨ

ਫ਼ੈਸਲਾ: ਮੁਕੱਦਮੇ ਦੇ ਅੰਤ 'ਤੇ ਹੋਣ ਵਾਲਾ ਫ਼ੈਸਲਾ

**VIA:** ਤੋਂ ਭਾਵ ਹੈ ਪੀੜਤਾਂ ਲਈ ਸੂਚਨਾ ਅਤੇ ਸਲਾਹ - VIA ਸਟਾਫ਼ ਪ੍ਰੋਕਿਉਰੇਟਰ ਫ਼ਿਸਕਲ ਨਾਲ ਕੰਮ ਕਰਦਾ ਹੈ - ਉਹ ਪੀੜਤਾਂ ਅਤੇ ਕੁਝ ਗਵਾਹਾਂ ਨੂੰ ਕੋਰਟ ਕੇਸ ਬਾਰੇ ਸੂਚਨਾ ਮੁਹੱਈਆ ਕਰਦਾ ਹੈ

ਗਵਾਹ: ਉਹ ਵਿਅਕਤੀ ਜਿਸਨੂੰ ਕਿਸੇ ਘਟਨਾ ਬਾਰੇ ਜਾਣਕਾਰੀ ਹੁੰਦੀ ਹੈ ਅਤੇ ਉਸਨੂੰ ਇਹ ਜਾਣਕਾਰੀ ਕੋਰਟ ਨੂੰ ਦਸਣੀ ਪੈ ਸਕਦੀ ਹੈ

ਵਿਟਨੈੱਸ ਸਰਵਿਸ (ਗਵਾਹ ਸੇਵਾ): ਕੋਰਟ ਵਿੱਚ ਉਹ ਵਿਅਕਤੀ ਜੋ ਸਾਰੇ ਗਵਾਹਾਂ ਨੂੰ ਸਮਰਥਨ ਅਤੇ ਸਲਾਹ ਪ੍ਰਦਾਨ ਕਰਦੇ ਹਨ

# ਤੁਹਾਡੇ ਨੋਟ

# ਤੁਹਾਡੇ ਨੋਟ

ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ, ਬੇਨਤੀ ਕੀਤੇ ਜਾਣ 'ਤੇ, ਆਡਿਓ, ਵਡੇ ਅੱਖਰਾਂ ਅਤੇ ਕਮਿਊਨਿਟੀ ਭਾਸ਼ਾਵਾਂ ਵਿੱਚ ਉਪਲਬਧ ਹਨ। ਕਿਰਪਾ ਕਰਕੇ 0131 244 2213 'ਤੇ ਸੰਪਰਕ ਕਰੋ।

© ਕ੍ਰਾਉਨ ਕਾਪੀਰਾਈਟ 2005

ਇਹ ਦਸਤਾਵੇਜ਼ ਸਕਾਟਿਸ਼ ਐਗਜ਼ੈਕਟਿਵ ਦੀ ਵੈਬੱਸਾਈਟ: www.scotland.gov.uk 'ਤੇ ਵੀ ਉਪਲਬਧ ਹੈ।

Astron B41391 06/05 (Punjabi)

ਹੋਰ ਕਾਪੀਆਂ ਇਸ ਪਤੇ 'ਤੇ ਉਪਲਬਧ ਹਨ
Blackwell's Bookshop
53 South Bridge
Edinburgh
EH1 1YS

ਟੈਲੀਫ਼ੋਨ 'ਤੇ ਆਰਡਰ ਦੇਣ ਅਤੇ ਪੁਛਾਂ ਲਈ
0131 622 8283 ਜਾਂ 0131 622 8258

ਫ਼ੈਕਸ ਦੁਆਰਾ ਆਰਡਰ
0131 557 8149

ਈਮੇਲ ਦੁਆਰਾ ਆਰਡਰ
business.edinburgh@blackwell.co.uk

ਇਸ ਦਸਤਾਵੇਜ਼ ਨੂੰ ਮੂਲ ਦਸਤਾਵੇਜ਼ ਦਾ ਸਹੀ ਰੂਪ ਮੰਨਿਆ ਜਾਂਦਾ ਹੈ

**w w w . s c o t l a n d . g o v . u k**